http://www.cgpi.org

ਆਉਣ ਵਾਲੇ ਇਨਕਲਾਬੀ ਝੱਖੜਾਂ ਲਈ ਤਿਆਰੀ ਕਰੋ

# ਮਜਦੂਰ ਏਕਤਾ ਲਹਿਰ

ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖਬਾਰ

ਜਿਲਦ 2, ਅੰਕ 2 | ਮਾਸਕ — ਮੁੱਲ 5 ਰੁ | ਫਰਵਰੀ 2010

## ਇਸ ਬਸਤੀਵਾਦੀ ਨਮੂਨੇ ਦੇ ਗਣਤੰਤਰ ਨੂੰ ਬਹੁਤ ਦੇਰ ਤਕ ਬਰਦਾਸ਼ਤ ਕਰ ਚੁੱਕੇ ਹਾਂ! ਮਜਦੂਰ ਜਮਾਤ ਨੂੰ ਲਾਜ਼ਮੀ ਹੀ ਹਿੰਦੋਸਤਾਨੀ ਸੰਘ ਦਾ ਪੁਨਰਗਠਨ ਕਰਨਾ ਚਾਹੀਦਾ ਹੈ!

### ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਬਿਆਨ, 10 ਜਨਵਰੀ 2010

60 ਵਰ੍ਹੇ ਪਹਿਲਾਂ, 26 ਜਨਵਰੀ 1950 ਨੂੰ ਹਿੰਦੋਸਤਾਨੀ ਸੰਘ ਦਾ ਗਣਤੰਤਰ ਕਾਇਮ ਕੀਤਾ ਗਿਆ ਸੀ। ਸੰਵਿਧਾਨ ਸਭਾ 'ਚ ਬੈਠੇ, ਕਾਂਗਰਸ ਪਾਰਟੀ ਦੇ ਲੀਡਰਾਂ ਨੇ ਇੱਕ ਸੰਵਿਧਾਨ ਅਪਣਾਇਆ ਸੀ।

15 ਅਗਸਤ 1947 ਨੂੰ ਬਸਤੀਵਾਦੀ ਰਾਜ ਖਤਮ ਹੋ ਗਿਆ ਸੀ। ਅਜ਼ਾਦੀ ਦੀ ਘੋਸ਼ਣਾ ਤੋਂ ਬਾਅਦ ਦੇ 29 ਮਹੀਨਿਆਂ ਅੰਦਰ, ਕਾਂਗਰਸ ਪਾਰਟੀ ਅਤੇ ਮੁਸਲਿਮ ਲੀਗ ਦੇ ਲੀਡਰਾਂ ਨੇ, ਬਰਤਾਨਵੀ ਬਸਤੀਵਾਦੀਆਂ ਵਲੋਂ ਕਰਵਾਏ ਗਏ, ਦੇਸ਼ ਦੇ ਖ਼ੂਨੀ ਬਟਵਾਰੇ ਵਿੱਚ ਸਹਿਯੋਗ ਦਿੱਤਾ ਸੀ। ਲੱਖਾਂ ਹੀ ਪ੍ਰੀਵਾਰਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਉਜਾੜ ਦਿੱਤਾ ਗਿਆ

ਬਾਕੀ ਸਫਾ 8 'ਤੇ

## ਟ੍ਰੇਡ ਯੂਨੀਅਨਾਂ ਨੇ ਮਾਰਚ ਮਹੀਨੇ 'ਚ ਜਨਤਕ ਮੁਜ਼ਾਹਰੇ ਕਰਨ ਦਾ ਸੱਦਾ ਦਿੱਤਾ

ਟ੍ਰੇਡ ਯੂਨੀਅਨਾਂ ਨੇ ਐਲਾਨ ਕੀਤਾ ਹੈ ਕਿ 5 ਮਾਰਚ, 2010 ਨੂੰ ਪੂਰੇ ਦੇਸ਼ ਭਰ 'ਚ ਜਨਤਕ ਮੁਜ਼ਾਹਰੇ ਕੀਤੇ ਜਾਣਗੇ। ਉਮੀਦ ਹੈ ਕਿ ਇਨ੍ਹਾਂ ਮੁਜ਼ਾਹਰਿਆਂ 'ਚ 10 ਲੱਖ ਤੋਂ ਜ਼ਿਆਦਾ ਮਜ਼ਦੂਰ ਹਿੱਸਾ ਲੈਣਗੇ।

### ਟ੍ਰੇਡ ਯੂਨੀਅਨਾਂ ਦੀਆਂ ਮੁੱਖ ਮੰਗਾਂ :

1. ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ 'ਚ ਵਾਧਾ ਨਹੀਂ ਹੋਣਾ ਚਾਹੀਦਾ। ਇੱਕ ਸਰਬਵਿਆਪੀ ਸਰਬਜਨਕ ਜਨਤਕ ਵੰਡ (ਰਾਸ਼ਣ) ਪ੍ਰਣਾਲੀ ਸਥਾਪਤ ਹੋਣੀ ਚਾਹੀਦੀ ਹੈ। ਬਾਜ਼ਾਰ 'ਚ ਸੱਟੇਬਾਜ਼ੀ ਨੂੰ ਰੋਕਣ ਲਈ ਫੌਰੀ ਕਦਮ ਚੁੱਕੇ ਜਾਣੇ ਚਾਹੀਦੇ ਹਨ।

2. ਸੰਕਟਗ੍ਰਸਤ ਖੇਤਰਾਂ 'ਚ ਰੁਜ਼ਗਾਰ ਸੁਰੱਖਿਅਤ ਕਰਨ ਲਈ ਸਰਕਾਰ ਫੌਰੀ ਕਦਮ ਚੁੱਕੇ।

3. ਗੈਰਸੰਗਠਤ ਮਜ਼ਦੂਰ ਸਮਾਜਿਕ ਸੁਰੱਖਿਆ ਕਨੂੰਨ 2008 ਨੂੰ ਵਿਸ਼ਾਲ ਬਨਾਉਣਾ ਚਾਹੀਦਾ ਹੈ, ਤਾਂ ਕਿ ਉਸ ਨੂੰ ਸਿਰਫ਼ ਸਰਕਾਰੀ ਗਰੀਬੀ ਰੇਖਾ ਤੋਂ ਹੇਠਾਂ ਦੇ ਮਜ਼ਦੂਰਾਂ ਤੱਕ ਹੀ ਸੀਮਿਤ ਨਾ ਰੱਖਿਆ ਜਾਵੇ। ਸਾਰੇ ਗੈਰਸੰਗਠਤ ਖੇਤਰੀ ਮਜ਼ਦੂਰਾਂ, ਠੇਕੇ ਦੇ ਮਜ਼ਦੂਰਾਂ ਤੇ ਦਿਹਾੜੀਦਾਰ ਮਜ਼ਦੂਰਾਂ ਲਈ ਰਾਸ਼ਟਰੀ ਫਲੋਰ ਲੈਵਲ ਸਮਾਜਿਕ ਸੁਰੱਖਿਆ ਹੋਣੀ ਚਾਹੀਦੀ ਹੈ।

4. ਸਾਰੇ ਕਿਰਤ ਕਨੂੰਨ ਸਖ਼ਤੀ ਨਾਲ ਲਾਗੂ ਹੋਣੇ ਚਾਹੀਦੇ ਹਨ ਤੇ ਉਨ੍ਹਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।

5. ਕੇਂਦਰੀ ਸਰਬਜਨਕ ਖੇਤਰ ਦੇ ਉਦਯੋਗਾਂ ਦੇ ਸ਼ੇਅਰਾਂ ਦਾ ਵਿਨਿਵੇਸ਼ ਨਾ ਕੀਤਾ ਜਾਵੇ ਅਤੇ ਇਸ ਦੀ ਬਜਾਏ ਉਨ੍ਹਾਂ ਦੀ ਵਧਦੀ ਹੋਈ ਵਾਧੂ ਜਾਇਦਾਦ ਦਾ ਇਸਤੇਮਾਲ ਕਰਕੇ, ਉਨ੍ਹਾਂ ਨੂੰ ਵਿਸ਼ਾਲ ਤੇ ਆਧੁਨਿਕ ਬਣਾਇਆ ਜਾਵੇ ਤੇ ਬਿਮਾਰ ਖੇਤਰ ਦੀਆਂ ਕੰਪਨੀਆਂ ਨੂੰ ਦੁਬਾਰਾ ਚਲਾਇਆ ਜਾਵੇ।

ਵਰਨਣਯੋਗ ਹੈ ਕਿ 16 ਦਸੰਬਰ, 2009 ਨੂੰ ਇਨ੍ਹਾਂ ਮੰਗਾਂ ਨੂੰ ਲੈ ਕੇ, ਨਵੀਂ ਦਿੱਲੀ 'ਚ ਸੰਸਦ ਭਵਨ ਤੋਂ ਇਲਾਵਾ ਅਲਗ-ਅਲਗ ਰਾਜਾਂ ਦੀਆਂ ਰਾਜਧਾਨੀਆਂ ਤੇ ਉਦਯੋਗਿਕ ਕੇਂਦਰਾਂ 'ਚ ਧਰਨੇ ਦਿੱਤੇ ਗਏ ਸਨ। ■

## ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਹਿੰਦੁਸਤਾਨ ਯਾਤਰਾ

ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਜਨਵਰੀ 'ਚ ਹਿੰਦੁਸਤਾਨ ਦੀ ਚਾਰ ਦਿਨਾ ਸਰਕਾਰੀ ਯਾਤਰਾ ਕੀਤੀ।

ਬੰਗਲਾਦੇਸ਼ ਦੀ ਇਕ ਮੁੱਖ ਚਿੰਤਾ ਇਹ ਰਹੀ ਹੈ ਕਿ ਕੱਪੜੇ ਵਰਗੀਆਂ ਜ਼ਿਆਦਾ ਮੁਕਾਬਲੇ ਵਾਲੀਆਂ ਦਰਾਮਦਾਂ ਲਈ ਵਿਸ਼ਾਲ ਹਿੰਦੁਸਤਾਨੀ ਬਾਜ਼ਾਰ 'ਚ ਕਿਸ ਤਰ੍ਹਾਂ ਅਸਾਨੀ ਨਾਲ ਦਾਖਲ ਹੋਇਆ ਜਾਵੇ। ਪਰ ਹਿੰਦੁਸਤਾਨੀ ਰਾਜ ਨੇ ਹਮੇਸ਼ਾ ਹੀ ਇਸ ਨੂੰ ਹਿੰਦੁਸਤਾਨ ਦੇ ਪੂਰਬ-ਉੱਤਰ ਖੇਤਰ ਤੱਕ ਪਹੁੰਚਣ ਲਈ ਬੰਗਲਾਦੇਸ਼ ਦੇ ਵਿਚਕਾਰੋਂ ਰਸਤਾ ਲੈਣ ਦੇ ਹੱਕ ਨਾਲ ਜੋੜਿਆ ਹੈ -- ਜਿਸ ਨੂੰ ਬੰਗਲਾਦੇਸ਼ 'ਚ ਬੜੀ ਸ਼ੱਕੀ ਨਜ਼ਰ ਨਾਲ ਦੇਖਿਆ ਗਿਆ ਹੈ। ਇਸ ਯਾਤਰਾ ਦੌਰਾਨ, ਬੰਗਲਾਦੇਸ਼ ਤੋਂ ਹਿੰਦੁਸਤਾਨ ਵੱਲੋਂ ਦਰਾਮਦ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਦੀ ਸੂਚੀ 'ਚ 47 ਇਸ ਤਰ੍ਹਾਂ ਦੀਆਂ ਚੀਜ਼ਾਂ ਦੀ ਦਰਾਮਦ ਦੀ ਇਜਾਜ਼ਤ ਦਿੱਤੀ ਗਈ, ਜਿਨ੍ਹਾਂ 'ਤੇ ਪਹਿਲਾਂ ਰੋਕ ਲਗਾਈ ਗਈ ਸੀ। ਪਰ ਇਸ ਦੇ ਬਦਲੇ ਹਿੰਦੁਸਤਾਨ ਨੂੰ ਪਹਿਲੀ ਵਾਰ ਬੰਗਲਾ ਦੇਸ਼ ਸਥਿਤ ਚਟਗਾਂਓ ਤੇ ਮੋਂਗਲਾ ਬੰਦਰਗਾਹਾਂ 'ਚ ਦਾਖਲ ਹੋਣ ਦੀ

ਬਾਕੀ ਸਫਾ 7 'ਤੇ

## ਅੰਦਰ ਪੜ੍ਹੋ

ਗਾਜ਼ਾ ਉੱਤੇ ਇਜ਼ਰਾਇਲੀ ਹਮਲੇ ਦੀ ਵਰ੍ਹੇਗੰਢ ਮੌਕੇ ਮੁਜਾਹਰਾ ਸਫਾ 2

ਕਿਊਬਾ ਦੇ ਲੋਕਾਂ ਦਾ ਸੰਘਰਸ਼ ਸਫਾ 3

ਹਿੰਦੋਸਤਾਨੀ ਸਰਮਾਏਦਾਰੀ ਦਾ ਫੌਜੀਕਰਣ ਸਫਾ 4-6

ਲੋਕ ਰਾਜ ਸੰਗਠਨ ਸਫਾ 10-11

ਮਿਹਨਤਕਸ਼ਾਂ ਦੇ ਸੰਘਰਸ਼ਾਂ ਦੀਆਂ ਰਿਪ੍ਰੋਟਾਂ ਸਫਾ 12-15

# ਗਾਜ਼ਾ ਉੱਤੇ ਇਸਰਾਇਲੀ ਹਮਲੇ ਦੀ ਵਰ੍ਹੇਗੰਢ ਮੌਕੇ ਮੁਜ਼ਾਹਰਾ




31 ਦਸੰਬਰ, 2009 ਤੇ 9 ਜਨਵਰੀ, 2010 ਦਰਮਿਆਨ ਮਿਸਰ, ਗਾਜ਼ਾ, ਇਸਰਾਇਲ ਤੋਂ ਇਲਾਵਾ ਦੁਨੀਆਂ ਦੇ ਕਈ ਹੋਰ ਸ਼ਹਿਰਾਂ 'ਚ, ਗਾਜ਼ਾ ਉੱਤੇ ਇਸਰਾਇਲੀ ਹਮਲੇ ਦੀ ਵਰ੍ਹੇਗੰਢ ਮੌਕੇ ਹਜ਼ਾਰਾਂ ਲੋਕਾਂ ਨੇ ਮੁਜ਼ਾਹਰੇ ਕੀਤੇ।

ਮਿਸਰ ਦੇ ਕਾਇਰੋ ਸ਼ਹਿਰ 'ਚ 43 ਦੇਸ਼ਾਂ ਦੇ 1400 ਤੋਂ ਜ਼ਿਆਦਾ ਕਾਮੇ ਇਕੱਠੇ ਹੋਏ। ਉਨ੍ਹਾਂ ਨੇ ਇਸਰਾਇਲ ਦੀ ਗ਼ੈਰਕਨੂੰਨੀ ਨਾਕੇਬੰਦੀ ਨੂੰ ਤੋੜਨ ਦੇ ਇਰਾਦੇ ਨਾਲ, ਗਾਜ਼ਾ ਤੱਕ ਜਲੂਸ ਕੱਢ ਕੇ ਫਲਸਤੀਨੀਆਂ ਨਾਲ ਮਿਲ ਕੇ ਮੁਜ਼ਾਹਰੇ ਕਰਨ ਦੀ ਯੋਜਨਾ ਬਣਾਈ। ਮਿਸਰ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਗਾਜ਼ਾ 'ਚ ਦਾਖਲ ਹੋਣ ਤੋਂ ਰੋਕ ਦਿੱਤਾ। ਇਸ ਕਰਕੇ 'ਮੁਕਤੀ ਪ੍ਰਦਰਸ਼ਕਾਂ' ਨੂੰ ਕਾਇਰੋ 'ਚ ਹੀ ਰੁਕਣਾ ਪਿਆ। ਉਥੇ ਉਨ੍ਹਾਂ ਨੇ ਕਈ ਪ੍ਰਦਰਸ਼ਨ ਕੀਤੇ ਤਾਂ ਕਿ ਦੁਨੀਆ ਦੇ ਲੋਕਾਂ 'ਤੇ ਇਹ ਦਬਾਅ ਬਣਾਇਆ ਜਾਵੇ ਕਿ ਫਲਸਤੀਨੀਆਂ ਨੂੰ ਇਨਸਾਫ਼ ਦਿਵਾਉਣ ਲਈ ਵਿਆਪਕ ਸੰਘਰਸ਼ ਕਰਨਾ ਜ਼ਰੂਰੀ ਹੈ। ਕਈ ਦਿਨਾਂ ਤੱਕ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਮਿਸਰ ਦੇ ਅਧਿਕਾਰੀਆਂ ਨੇ ਰਫਾਹ ਨਾਮਕ ਦੱਖਣੀ ਗਾਜ਼ਾ ਦੇ ਸ਼ਹਿਰ ਦੇ ਨਜ਼ਦੀਕ ਸੀਮਾ (ਜੋ ਸੁਭਾਵਿਕ ਬੰਦ ਰਹਿੰਦੀ ਹੈ) ਤੋਂ ਇਕ ਛੋਟੇ ਜਿਹੇ ਪ੍ਰਤੀਨਿਧੀਮੰਡਲ ਨੂੰ ਅੱਗੇ ਵਧਣ ਦਿੱਤਾ।

''ਗਾਜ਼ਾ ਮੁਕਤੀ ਪ੍ਰਦਰਸ਼ਕਾਂ'' ਨੇ 1 ਜਨਵਰੀ, 2010 ਨੂੰ ਇਕ ਐਲਾਨਨਾਮਾ ਜਾਰੀ ਕੀਤਾ ਜਿਸ 'ਚ ਉਨ੍ਹਾਂ ਨੇ ਇਸਰਾਇਲੀ ਭੇਦ-ਭਾਵ ਦੀ ਨੀਤੀ ਖਿਲਾਫ਼ ਦੁਨੀਆ ਭਰ 'ਚ ਮੁਹਿੰਮ ਨੂੰ ਤੇਜ਼ ਕਰਨ ਦਾ ਸੱਦਾ ਦਿੱਤਾ।

ਹਜ਼ਾਰਾਂ ਦੀ ਤਾਦਾਦ 'ਚ ਲੋਕਾਂ, ਜਿਨ੍ਹਾਂ 'ਚ ਯਹੂਦੀ ਤੇ ਅਰਬੀ ਲੋਕ ਸ਼ਾਮਿਲ ਸਨ, ਨੇ ਇਸਰਾਇਲ 'ਚ ਇਕ ਵਿਰੋਧ ਰੈਲੀ ਕੀਤੀ। ਉਨ੍ਹਾਂ ਨੇ ਤੋੜੀਆਂ ਗਈਆਂ ਇਮਾਰਤਾਂ 'ਚ ਬੱਚਿਆਂ ਦੀਆਂ ਤਸਵੀਰਾਂ ਦੇ ਬੈਨਰ ਹੱਥ 'ਚ ਫੜੇ ਸਨ। ਪ੍ਰਦਰਸ਼ਨਕਾਰੀਆਂ ਨੇ ''ਫਿਲਸਤੀਨ ਨੂੰ ਮੁਕਤ ਕਰੋ!'' ਤੇ ''ਨਾਕਾਬੰਦੀ ਨਹੀਂ ਚੱਲੇਗੀ!'' ਦੇ ਨਾਅਰੇ ਲਗਾਏ ਤੇ ''ਗਾਜ਼ਾ ਦੀ ਨਾਕਾਬੰਦੀ ਖਤਮ ਕਰੋ!'' ਤੇ ''ਗਾਜ਼ਾ ਨੂੰ ਮੁਕਤੀ ਤੇ ਇਨਸਾਫ਼'' ਦੇ ਬੈਨਰ ਚੁੱਕੇ ਹੋਏ ਸਨ। ਮੁਜ਼ਾਹਰਾਕਾਰੀਆਂ ਨੇ ਕਿਹਾ ਕਿ ਇਸਰਾਇਲ ਬਹੁਤ ਬੁਰਾ ਜੰਗੀ ਅਪਰਾਧ ਕਰ ਰਿਹਾ ਹੈ ਤੇ ਉਸ ਨੂੰ ਆਪਣੀ ਨਾਕੇਬੰਦੀ ਨੂੰ ਖਤਮ ਕਰਨਾ ਚਾਹੀਦਾ ਹੈ।

ਗਾਜ਼ਾ ਦੀ ਨਾਕੇਬੰਦੀ ਦੇ ਇਲਾਵਾ, ਫਿਲਸਤੀਨੀ ਅੰਦੋਲਨਕਾਰੀਆਂ ਦੀਆਂ ਰਿਪੋਰਟਾਂ ਤੋਂ ਪਤਾ ਲਗਦਾ ਹੈ ਕਿ ਇਸਰਾਇਲ ਨੇ ਨਵੇਂ ਵਰ੍ਹੇ ਦੇ ਸ਼ੁਰੂ 'ਚ ਗਾਜ਼ਾ ਪੱਟੀ ਦੇ ਉੱਤਰੀ, ਦੱਖਣੀ ਤੇ ਪੂਰਬੀ ਇਲਾਕਿਆਂ 'ਤੇ ਜੰਗੀ ਜਹਾਜ਼ਾਂ ਤੇ ਟੈਂਕਾਂ ਨਾਲ ਹਵਾਈ ਤੇ ਜ਼ਮੀਨੀ ਬੰਬ ਸੁੱਟੇ। ਪਰ ਫਲਸਤੀਨੀ ਪ੍ਰਧਾਨ ਮੰਤਰੀ ਨੇ ਕਿਹਾ ਕਿ 2008-2009 'ਚ ਜਦ ਇਸਰਾਇਲ ਨੇ ਤਿੰਨ ਹਫ਼ਤਿਆਂ ਤੱਕ ਲਗਾਤਾਰ ਗਾਜ਼ਾ ਪੱਟੀ 'ਤੇ ਬੰਬ ਵਰ੍ਹਾਏ ਸਨ, ਜਿਸ 'ਚ 1400 ਫਲਸਤੀਨੀ ਲੋਕ ਮਰੇ ਸਨ ਤੇ 4000 ਘਰ ਤਬਾਹ ਹੋਏ ਸਨ, ਉਸ ਦੇ ਬਾਅਦ ਉਨ੍ਹਾਂ ਦੀ ਸਰਕਾਰ ਬਹੁਤ ਮਜ਼ਬੂਤ ਹੋ ਚੁੱਕੀ ਹੈ। ਪਿਛਲੇ ਹਮਲੇ ਨਾਲ ਤਬਾਹ ਹੋਈਆਂ ਦੋ ਇਮਾਰਤਾਂ ਦਾ ਦੁਬਾਰਾ ਉਦਘਾਟਨ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ''ਸਾਡੀ ਸਰਕਾਰ ਤੇ ਹਮਾਸ ਅੰਦੋਲਨ ਉੱਤੇ ਇਸਰਾਇਲ ਵੱਲੋਂ ਜੰਗ ਅਤੇ ਦਬਾਅ ਨਾਲ ਅਸੀਂ ਕਮਜ਼ੋਰ ਨਹੀਂ ਹੋਏ ਹਾਂ'' ਅਤੇ ਉਨ੍ਹਾਂ ਨੇ ਵਾਅਦਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਜੰਗ ਨਾਲ ਤਬਾਹ ਹੋਈਆਂ ਸਾਰੀਆਂ ਇਮਰਤਾਂ ਦਾ ਫਿਰ ਤੋਂ ਨਿਰਮਾਣ ਕਰੇਗੀ।

ਦੁਨੀਆ ਦੇ ਕਈ ਹੋਰ ਸ਼ਹਿਰਾਂ 'ਚ ਫਲਸਤੀਨੀਆਂ ਦੇ ਸਮਰਥਨ 'ਚ ਰੈਲੀਆਂ ਕੀਤੀਆਂ ਗਈਆਂ, ਜਿਨ੍ਹਾਂ 'ਚ ਸ਼ਾਮਲ ਸਨ: ਉੱਤਰੀ ਅਮਰੀਕਾ 'ਚ ਵੈਨਕੂਵਰ, ਕੈਲਗਰੀ, ਨਿਊਯਾਰਕ, ਸ਼ਿਕਾਗੋ, ਬਾਸਟਨ, ਫਿਲਾਡੈਲਫੀਆ ਤੇ ਸੈਨਫ੍ਰਾਂਸਿਸਕੋ, ਯੋਰਪ 'ਚ ਲੰਦਨ, ਬੇਲਫਾਸਟ, ਪੈਰਿਸ, ਮਾਰਸੇ, ਐਮਸਟ੍ਰਡੇਮ ਤੇ ਬਰਨ, ਆਸਟ੍ਰੇਲੀਆ 'ਚ ਐਡਲੇਡ, ਏਸ਼ੀਆ 'ਚ ਟੋਕੀਓ, ਕਾਇਰੋ, ਇਸਤਾਨਬੁਲ ਤੇ ਅੰਮਾਨ (ਜਾਰਡਨ), ਆਦਿ। ■








# ਆਪਣੀ ਪ੍ਰਭੁਸੱਤਾ ਦੀ ਹਿਫ਼ਾਜ਼ਤ ਲਈ ਕਿਊਬਾ ਦੇ ਲੋਕਾਂ ਦੇ ਸੰਘਰਸ਼ ਨੂੰ ਹਿੰਦੋਸਤਾਨ ਦੀ ਮਜ਼ਦੂਰ ਜਮਾਤ ਅਤੇ ਲੋਕਾਂ ਦੀ ਹਮਾਇਤ ਹਾਸਲ ਹੈ

1 ਜਨਵਰੀ 2010 ਨੂੰ ਕਿਊਬਾ ਦੇ ਇਨਕਲਾਬ ਦੀ ਵਰ੍ਹੇਗੰਢ ਹੈ, ਜਿਸ ਨਾਲ ਕਿਊਬਾ 'ਚੋਂ ਫਾਸ਼ੀਵਾਦੀ ਹਕੂਮਤ ਦਾ ਖਾਤਮਾ ਹੋਇਆ ਸੀ। 51 ਸਾਲ ਪਹਿਲਾਂ 8 ਜਨਵਰੀ, 1959 ਨੂੰ ਕਿਊਬਾ ਦੇ ਲੋਕਾਂ ਦੇ ਆਤਮ-ਨਿਰਣੈ ਦੇ ਲਈ ਸੰਘਰਸ਼ ਦੀ ਜਿੱਤ ਹੋਈ, ਜਦੋਂ ਉਨ੍ਹਾਂ ਨੇ ਬਾਤਿਸਤਾ ਦੀ ਤਾਨਾਸ਼ਾਹੀ ਦਾ ਤਖਤਾ ਪਲਟ ਦਿੱਤਾ ਅਤੇ ਖੁਦ ਆਪਣਾ ਭਵਿੱਖ ਤੈਅ ਕਰਨ ਦਾ ਹੱਕ ਹਾਸਲ ਕੀਤਾ ਸੀ।

ਕਿਊਬਾ ਦੇ ਇਨਕਲਾਬ ਨੇ ਅਮਰੀਕੀ ਸਾਮਰਾਜਵਾਦੀ ਰਾਜ ਲਈ ਇੱਕ ਬਹੁਤ ਵੱਡੀ ਸੱਟ ਮਾਰੀ ਸੀ, ਜੋ ਦੱਖਣੀ ਤੇ ਮੱਧ ਅਮਰੀਕਾ ਨੂੰ ਆਪਣਾ ਅਹਾਤਾ ਸਮਝਦਾ ਰਿਹਾ ਹੈ, ਜਿਸ ਉੱਤੇ ਕਬਜ਼ਾ ਕਰਕੇ ਲੁੱਟ ਮਚਾਈ ਜਾ ਸਕਦੀ ਹੈ। 20ਵੀਂ ਸਦੀ ਦੀ ਸ਼ੁਰੂਆਤ 'ਚ ਜਦ ਤੋਂ ਉਸਨੇ ਆਪਣਾ ਸਾਮਰਾਜਵਾਦੀ ਪਸਾਰ ਸ਼ੁਰੂ ਕੀਤਾ ਸੀ, ਉਦੋਂ ਤੋਂ ਅਮਰੀਕਾ ਦਾ ਇਹ ਰਵੱਈਆ ਰਿਹਾ ਹੈ। ਕਿਊਬਾ ਦੇ ਮਾਮਲੇ 'ਚ ਜਨਵਰੀ 1959 ਤੱਕ ਅਮਰੀਕੀ ਪੂੰਜੀ ਨੇ ਕਿਊਬਾ ਦੀ ਆਰਥਕਤਾ ਅਤੇ ਖਣਿਜ ਸਾਧਨਾਂ ਉਤੇ ਆਪਣਾ ਹੱਕ ਜਮਾਇਆ ਸੀ। ਕਿਊਬਾ ਦੀ 12 ਲੱਖ ਹੈਕਟੇਅਰ ਜ਼ਮੀਨ, ਜੋ ਕਿ ਉਤਪਾਦਕ ਖੇਤਰ ਦਾ ਇਕ ਚੌਥਾਈ ਹਿੱਸਾ ਸੀ, ਇਸ ਉਤੇ ਅਮਰੀਕਾ ਦਾ ਕਬਜ਼ਾ ਸੀ, ਲਗ-ਭਗ ਅੱਧੇ ਖੰਡ ਉਦਯੋਗ, ਨਿਕਲ ਉਤਪਾਦਨ, ਤੇਲ ਰਿਫਾਇਨਰੀ, ਬਿਜਲੀ ਤੇ ਟੈਲੀਫ਼ੋਨ ਸੇਵਾਵਾਂ ਤੇ ਬੈਂਕਾਂ ਉੱਤੇ ਅਮਰੀਕਾ ਦਾ ਕਬਜ਼ਾ ਸੀ। ਇਸ ਤੋਂ ਇਲਾਵਾ, ਕਿਊਬਾ ਦੀ 70 ਫੀਸਦੀ ਦਰਾਮਦ-ਬਰਾਮਦ ਉਤੇ ਅਮਰੀਕੀ ਬਾਜ਼ਾਰ ਦਾ ਕਬਜ਼ਾ ਸੀ। ਬਾਤਿਸਤਾ ਸ਼ਾਸਨ, ਜਿਸਦਾ ਕਿਊਬਾ ਦੀ ਕ੍ਰਾਂਤੀ ਨੇ ਤਖਤਾ ਪਲਟ ਕੀਤਾ, ਨੇ ਅਮਰੀਕੀ ਸੈਨਾ ਦੇ ਪੂਰੇ ਸਮਰਥਨ ਦੇ ਨਾਲ ਆਪਣਾ ਫਾਸ਼ੀਵਾਦੀ ਤੇ ਲੋਕ-ਵਿਰੋਧੀ ਰਾਜ ਬਣਾਈ ਰੱਖਿਆ ਸੀ। ਆਖਰ 1959 'ਚ ਕਿਊਬਾ ਦੇ ਲੋਕਾਂ ਨੇ ਬੜੇ ਬਹਾਦਰ ਤੇ ਖੂਨੀ ਸੰਘਰਸ਼ ਤੋਂ ਬਾਅਦ ਬਾਤਿਸਤਾ ਤਾਨਾਸ਼ਾਹੀ ਦਾ ਤਖਤਾ ਪਲਟ ਕੀਤਾ ਤੇ ਇੱਕ ਆਜ਼ਾਦ ਗਣਤੰਤਰ ਦੀ ਸਥਾਪਨਾ ਕੀਤੀ।

ਪਰ ਕਿਊਬਾ ਗਣਰਾਜ ਦਾ ਅਮਰੀਕੀ ਸਾਮਰਾਜਵਾਦੀ ਹਮਲੇ ਦੇ ਖਿਲਾਫ਼ ਸੰਘਰਸ਼ ਜਾਰੀ ਹੈ। ਅਮਰੀਕੀ ਸਾਮਰਾਜਵਾਦ ਸਾਰਿਆਂ ਤਰੀਕਿਆਂ ਨਾਲ ਇਹ ਕੋਸ਼ਿਸ਼ ਕਰ ਰਿਹਾ ਹੈ ਕਿ ਕਿਸੇ ਤਰ੍ਹਾਂ ਨਾਲ ਕਿਊਬਾ 'ਚ ਰਜ਼-ਪਲਟਾ ਹੋਵੇ ਤੇ ਅਮਰੀਕੀ ਸਰਮਾਏਦਾਰਾਂ ਦੇ ਹਿਤਾਂ ਦੀ ਰਖਵਾਲੀ ਹੋਵੇ। ਇਸ ਲਈ ਉਹ ਹਰ ਕੋਸ਼ਿਸ਼ ਕਰ ਰਿਹਾ ਹੈ -- ਫੌਜੀ ਹਮਲੇ, ਆਰਥਕ ਤੇ ਰਾਜਨੀਤਕ ਤੌਰ ਤੇ ਕਿਊਬਾ ਨੂੰ ਅਲਗ ਕਰਨਾ ਆਦਿ।

ਹਰ ਤਰ੍ਹਾਂ ਦੇ ਫੌਜੀ ਸੰਸਥਾਨਾਂ ਤੇ ਕਾਰਵਾਈਆਂ ਦੇ ਜ਼ਰੀਏ ਅਮਰੀਕੀ ਸਾਮਰਾਜਵਾਦ ਨੇ ਲਾਤੀਨੀ ਅਮਰੀਕਾ ਤੇ ਕੈਰੀਬੀਅਨ ਦੇਸ਼ਾਂ 'ਚ ਆਪਣੀ ਫੌਜੀ ਮੌਜੂਦਗੀ ਬਣਾਈ ਹੋਈ ਹੈ। ਪਿਛਲੇ ਕੁਝ ਸਾਲਾਂ 'ਚ ਲਾਤੀਨੀ ਅਮਰੀਕਾ 'ਚ ਅਮਰੀਕੀ ਫੌਜੀ ਅੱਡਿਆਂ ਉਤੇ ਫੌਜੀ ਸਮਰਥਨ ਲਈ ਸਮਝੌਤਿਆਂ 'ਚ ਭਾਰੀ ਵਾਧਾ ਹੋਇਆ ਹੈ। ਅਮਰੀਕਾ ਨੇ ਕਈ ਦੇਸ਼ਾਂ ਨਾਲ ਇਕ ਦਸ-ਸਾਲਾ ਸਮਝੌਤਾ ਕੀਤਾ ਹੈ, ਜਿਸ ਤਹਿਤ ਕਈ ਫੌਜੀ ਹਵਾਈ ਅੱਡਿਆਂ ਦਾ ਪੁਨਰ-ਨਿਰਮਾਣ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸਾਰੇ ਅੰਤਰਰਾਸ਼ਟਰੀ ਕਨੂੰਨਾਂ ਦੇ ਅਸੂਲਾਂ ਤੇ ਦੇਸ਼ਾਂ ਦੀ ਪ੍ਰਭੁਸੱਤਾ ਦੀ ਉਲੰਘਣਾ ਕਰਦੇ ਹੋਏ, ਅਮਰੀਕਾ ਨੇ ਕਿਊਬਾ ਦੇ ਖੇਤਰ 'ਚ ਗੁਟਾਨਾਮੋਂ ਸਮੁੰਦਰੀ ਅੱਡੇ 'ਤੇ ਕਬਜ਼ਾ ਕੀਤਾ ਹੈ ਤੇ ਅੱਜ ਉਸ ਨੂੰ ਇਕ ਭਿਆਨਕ ਜੇਲ੍ਹ ਦੀ ਤਰ੍ਹਾਂ ਇਸਤੇਮਾਲ ਕੀਤਾ ਜਾ ਰਿਹਾ ਹੈ। 20ਵੀਂ ਸਦੀ ਦੀ ਸ਼ੁਰੂਆਤ 'ਚ ਅਮਰੀਕਾ ਨੇ ਇਸ ਅੱਡੇ ਨੂੰ ਜ਼ਬਰਦਸਤੀ ਕਿਰਾਏ 'ਤੇ ਲਿਆ ਸੀ ਤੇ ਹੁਣ ਅਮਰੀਕੀ ਸਰਕਾਰ ਇਸ ਨੂੰ ਮੋੜਨ ਤੋਂ ਇਨਕਾਰ ਕਰ ਰਹੀ ਹੈ।

ਅਕਤੂਬਰ 1960 ਤੋਂ ਕਿਊਬਾ ਉੱਤੇ ਅਮਰੀਕਾ ਵੱਲੋਂ ਵਪਾਰਕ, ਆਰਥਕ ਤੇ ਵਿੱਤੀ ਨਾਕੇਬੰਦੀ ਥੋਪੀ ਗਈ ਹੈ। ਜਦ ਕਿਊਬਾ ਨੇ ਆਪਣੇ ਦੇਸ਼ 'ਚ ਅਮਰੀਕੀ ਨਾਗਰਿਕਾਂ ਤੇ ਕੰਪਨੀਆਂ ਦੀ ਜਾਇਦਾਦ ਜ਼ਬਤ ਕੀਤੀ, ਉਦੋਂ ਤੋਂ ਅਮਰੀਕਾ ਨੇ ਨਾਕੇਬੰਦੀ ਸ਼ੁਰੂ ਕੀਤੀ। ਸ਼ੁਰੂਆਤ ਦੀ ਨਾਕੇਬੰਦੀ ਨੂੰ ਫਰਵਰੀ 1962 ਤੋਂ ਮਜ਼ਬੂਤ ਕਰਕੇ ਪੂਰਨ ਨਾਕੇਬੰਦੀ ਕਰ ਦਿੱਤੀ ਗਈ। ਪਿਛਲੇ ਸਾਰੇ ਰਾਸ਼ਟਰਪਤੀਆਂ ਦੇ ਕਾਰਜਕਾਲ 'ਚ 50 ਵਰ੍ਹੇ ਤੋਂ ਇਹ ਨਾਕੇਬੰਦੀ ਜਾਰੀ ਹੈ। ਇਸ 'ਚ ਕਦੀ-ਕਦੀ ਕੁਝ ਅਮਰੀਕੀ ਵਪਾਰਕ ਹਿਤਾਂ ਦੇ ਦਬਾਅ ਦੇ ਚੱਲਦੇ ਕੁਝ ਢਿੱਲ ਦਿੱਤੀ ਜਾਂਦੀ ਹੈ, ਜੋ ਕਿਊਬਾ 'ਚ ਵਪਾਰ ਕਰਨ 'ਚ ਫਾਇਦਾ ਹੋਣ ਦੀ ਸੰਭਾਵਨਾ ਦੇਖਦੇ ਹਨ। ਅਮਰੀਕੀ ਨਾਕੇਬੰਦੀ ਦੇ ਚੱਲਦੇ ਕਿਊਬਾ ਅਮਰੀਕਾ ਜਾਂ ਕਿਸੇ ਅਮਰੀਕੀ ਕੰਪਨੀ ਤੋਂ ਦਵਾਈਆਂ, ਚਿਕਿਤਸਾ ਔਜ਼ਾਰ ਤੇ ਤਕਨੀਕ ਨਹੀਂ ਹਾਸਲ ਕਰ ਸਕਦਾ। ਸਕੂਲਾਂ, ਹਸਪਤਾਲਾਂ ਤੇ ਬੱਚਿਆਂ ਲਈ, ਸੁਵਿਧਾ ਕੇਂਦਰ ਲਈ ਸੰਤੁਲਿਤ ਭੋਜਨ ਬਰਾਮਦ ਕਰਨ 'ਚ ਅਸਮਰਥ ਹੋਣ ਦੀ ਵਜ੍ਹਾ ਨਾਲ ਕਿਊਬਾ ਦੇ ਲੋਕਾਂ ਨੂੰ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪਿਛਲੇ 50 ਵਰ੍ਹਿਆਂ ਤੋਂ ਸਾਰੀਆਂ ਅਮਰੀਕੀ ਸਰਕਾਰਾਂ ਨੇ ਦੁਨੀਆ-ਭਰ ਦੇ ਲੋਕਾਂ ਦੇ ਵਿਰੋਧ ਦੇ ਬਾਵਜੂਦ, ਕਿਊਬਾ ਦੀ ਅਰਥਕਤਾ ਅਤੇ ਲੋਕਾਂ ਖਿਲਾਫ਼ ਆਰਥਕ ਨਾਕੇਬੰਦੀ ਜਾਰੀ ਰੱਖੀ ਹੈ। 1962 ਤੋਂ ਲਗਾਤਾਰ ਹਰ ਵਰ੍ਹੇ ਸੰਯੁਕਤ ਰਾਸ਼ਟਰ ਸੰਘ ਦੀ ਆਮ ਸਭਾ ਨੇ ਇਸ ਨਾਕੇਬੰਦੀ ਦੀ ਨਿੰਦਾ ਕੀਤੀ ਹੈ ਤੇ ਇਸ ਨੂੰ ਅੰਤਰਰਾਸ਼ਟਰੀ ਕਨੂੰਨ ਦੀ ਉਲੰਘਣਾ ਦੱਸਿਆ ਹੈ। 28 ਅਕਤੂਬਰ, 2009 ਨੂੰ ਸੰਯੁਕਤ ਰਾਸ਼ਟਰ ਨੇ 18ਵੀਂ ਬਾਰ ਇਸ ਦੀ ਸਖ਼ਤ ਨਿੰਦਾ ਕੀਤੀ। ਇਸ ਦਬਾਅ ਦੇ ਇਲਾਵਾ, ਅਮਰੀਕੀ ਸਰਕਾਰ ਸਮੇਂ-ਸਮੇਂ 'ਤੇ ਕਿਊਬਾ ਦੇ ਨਾਗਰਿਕਾਂ ਅਤੇ ਅਮਰੀਕਾ 'ਚ ਵਸੇ ਕਿਊਬਾ ਮੂਲ ਦੇ ਲੋਕਾਂ ਖਿਲਾਫ਼ ਜਾਸੂਸੀ ਦੇ ਝੂਠੇ ਇਲਜ਼ਾਮ ਲਗਾ ਕੇ ਉਨ੍ਹਾਂ ਨੂੰ ਪਰੇਸ਼ਾਨ ਕਰਦੀ ਹੈ। ਉਹ ਉਨ੍ਹਾਂ ਲੋਕਾਂ ਨੂੰ ਪਰੇਸ਼ਾਨ ਕਰਦੀ ਹੈ ਜੋ ਕਿਊਬਾ ਖਿਲਾਫ਼ ਅਮਰੀਕਾ ਵੱਲੋਂ ਚਲਾਏ ਜਾ ਰਹੇ ਝੂਠੇ ਪ੍ਰਚਾਰ ਨੂੰ ਚੁਣੌਤੀ ਦਿੰਦੇ ਹਨ। 1998 'ਚ ਅਮਰੀਕੀ ਗੁਪਤਚਰ ਸੰਸਥਾ ਐਫ਼.ਬੀ.ਆਈ. ਨੇ ਫਲੋਰਿਡਾ 'ਚ 5 ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਤੇ 17 ਮਹੀਨਿਆਂ ਤੱਕ ਬਿਨਾ ਕਿਸੇ ਮੁਕੱਦਮੇ ਦੇ ਸਭ ਨੂੰ ਅਲਗ-ਅਲਗ ਜੇਲ੍ਹਾਂ 'ਚ ਬੰਦ ਰੱਖਿਆ ਤੇ ਤਸੀਹੇ ਦਿੱਤੇ। ਅੱਜ ਤੱਕ ਉਨ੍ਹਾਂ ਨੂੰ ਜੇਲ੍ਹਾਂ 'ਚ ਬੰਦ ਰੱਖਿਆ ਹੋਇਆ ਹੈ। ਇਹ ਪੰਜ ਲੋਕ ਨਿਰਦੋਸ਼ ਸਨ ਤੇ ਅਮਰੀਕਾ 'ਚ ਉਨ੍ਹਾਂ ਗੁਟਾਂ ਦੀ ਤਹਿਕੀਕਾਤ ਕਰਨ ਆਏ ਸਨ, ਜਿਨ੍ਹਾਂ ਨੂੰ ਕਿਊਬਾ 'ਤੇ ਹਮਲਾ ਕਰਨ ਲਈ ਧਨ ਦਿੱਤਾ ਜਾ ਰਿਹਾ ਹੈ।

ਅਮਰੀਕਾ ਨੇ ਲਗਾਤਾਰ ਕਿਊਬਾ ਅਤੇ ਉਸ ਦੇ ਨੇਤਾਵਾਂ ਖਿਲਾਫ਼ ਹੱਤਿਆ ਦੀ ਸਾਜਿਸ਼ ਤੇ ਅੱਤਵਾਦੀ ਹਮਲੇ ਕਰਵਾਏ ਹਨ, ਜਿਸ ਨਾਲ ਦੇਸ਼ 'ਚ ਅਸਥਿਰਤਾ ਲਿਆਂਦੀ ਜਾ ਸਕੇ ਅਤੇ ਇਸ ਤਰ੍ਹਾਂ ਦਾ ਸ਼ਾਸਨ ਲਿਆਂਦਾ ਜਾ ਸਕੇ ਜੋ ਅਮਰੀਕੀ ਹਿਤਾਂ ਦੀ ਤਰਫ਼ਦਾਰੀ ਕਰੇਗਾ। ਇਹ ਸਭ ਅਮਰੀਕੀ ਸਰਕਾਰ ਦੀ ਹਮਲਾਵਰ ਨੀਤੀ ਦਾ ਹਿੱਸਾ ਹੈ, ਜਿਸ ਦੀ ਦੁਨੀਆ ਭਰ 'ਚ ਨਿੰਦਾ ਹੋਈ ਹੈ। ਪਿਛਲੇ 50 ਵਰ੍ਹਿਆਂ ਤੋਂ ਜ਼ਿਆਦਾ ਸਮੇਂ ਤੋਂ ਕਿਊਬਾ ਇਸ ਤਰ੍ਹਾਂ ਦੇ ਫੌਜੀ, ਆਰਥਕ ਤੇ ਰਾਜਨੀਤਕ ਦਬਾਅ ਦਾ ਸਾਹਮਣਾ ਕਰਦਾ ਆਇਆ ਹੈ। ਕਿਊਬਾ ਦੇ ਲੋਕਾਂ ਨੇ ਇਸ ਦਬਾਅ ਸਾਹਮਣੇ ਝੁਕਣ ਤੇ ਸਾਮਰਾਜਵਾਦੀ ਹਮਲਾਵਰ ਦੇ ਸਾਹਮਣੇ ਗੋਡੇ ਟੇਕਣ ਤੋਂ ਇਨਕਾਰ ਕੀਤਾ ਹੈ ਤੇ ਬੜੀ ਬਹਾਦਰੀ ਨਾਲ ਖੁਦ ਆਪਣੀ ਰਾਜਨੀਤਕ, ਆਰਥਕ ਤੇ ਸਮਾਜਿਕ ਵਿਵਸਥਾ ਤੈਅ ਕਰਨ ਦੇ ਆਪਣੇ ਹੱਕ ਦੀ ਹਿਫਾਜ਼ਤ ਕੀਤੀ ਹੈ।

ਕਿਊਬਾ ਦਾ ਉਦਾਹਰਣ ਇਹ ਦਿਖਾਉਂਦਾ ਹੈ ਕਿ ਕਿਸ ਤਰ੍ਹਾਂ ਇਕ ਛੋਟਾ ਜਿਹਾ ਦੇਸ਼ ਜੇਕਰ ਤੈਅ ਕਰੇ ਤਾਂ ਲੋਕ ਉਸ ਦੇ ਪਿੱਛੇ ਇਕਜੁਟ ਹੋਣ ਤਾਂ, ਅਮਰੀਕੀ ਸਾਮਰਾਜਵਾਦ ਦੀ ਦਾਦਾਗਿਰੀ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ ਜਾ ਸਕਦਾ ਹੈ। ਕਿਊਬਾ ਨੇ ਬੜੀ ਬਹਾਦਰੀ ਨਾਲ ਸੰਯੁਕਤ ਰਾਸ਼ਟਰ ਤੇ ਸਾਰੇ ਅੰਤਰਰਾਸ਼ਟਰੀ ਮੰਚਾਂ 'ਤੇ ਲੋਕਾਂ ਦੀ ਪ੍ਰਭੁਸੱਤਾ ਤੇ ਸਾਰੇ ਲੋਕਾਂ ਦੇ ਰਾਸ਼ਟਰਾਂ ਦੇ ਹੱਕਾਂ ਦੀ ਹਿਫਾਜ਼ਤ 'ਚ ਆਪਣੀ ਭੂਮਿਕਾ ਨਿਭਾਈ ਹੈ, ਜੋ ਸਾਮਰਾਜਵਾਦੀ ਹਮਲਿਆਂ ਦਾ ਸ਼ਿਕਾਰ ਹਨ। ਬਾਕੀ ਸਾਰੇ ਲਾਤੀਨੀ ਅਮਰੀਕੀ ਦੇਸ਼ਾਂ ਲਈ ਕਿਊਬਾ ਇਕ ਪ੍ਰੇਰਣਾਸ੍ਰੋਤ ਹੈ ਤੇ ਉਸ ਨੇ ਅਮਰੀਕੀ ਸਾਮਰਾਜਵਾਦ ਖਿਲਾਫ਼ ਇਸ ਖੇਤਰ ਦੇ ਦੇਸ਼ਾਂ ਦੀ ਇਕਜੁਟਤਾ ਬਨਾਉਣ 'ਚ ਆਪਣਾ ਯੋਗਦਾਨ ਦਿੱਤਾ ਹੈ। ■

# ਹਿੰਦੋਸਤਾਨੀ ਸਰਮਾਏਦਾਰੀ ਬੜੀ ਤੇਜ਼ੀ ਨਾਲ ਆਪਣੀ ਸੈਨਕ ਸ਼ਕਤੀ ਵਧਾ ਰਹੀ ਹੈ

ਅੱਜ ਹਿੰਦੋਸਤਾਨ, ਆਪਣੀ ਆਰਥਕ ਉੱਨਤੀ ਦੀ ਦਰ ਅਤੇ ਦੇਸ਼ ਦੇ ਅੰਦਰ ਅਤੇ ਪੂਰੀ ਦੁਨੀਆਂ ਵਿੱਚ ਵੱਡੇ ਪੈਮਾਨੇ ਤੇ ਆਰਥਕ ਨਿਵੇਸ਼ਾਂ ਦੇ ਲਈ ਉਤਨਾ ਹੀ ਚਰਚਾ 'ਚ, ਹੈ, ਜਿਤਨਾ ਕਿ ਅੰਤਰਰਾਸ਼ਟਰੀ ਮੰਚ ਤੇ ਆਪਣੀ ਵਧ ਰਹੀ ਭੂਮਿਕਾ ਲਈ ਚਰਚਾ 'ਚ ਹੈ। ਇਹ ਆਪਣੇ ਤਾਬੜ-ਤੋੜ ਫੌਜੀਕਰਣ ਲਈ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਹਿੰਦੋਸਤਾਨ, ਅੱਜ ਦੁਨੀਆਂ 'ਚ ਹਥਿਆਰਾਂ ਦਾ ਸੱਭ ਤੋਂ ਵੱਡਾ ਖ਼੍ਰੀਦਾਰ ਮੰਨਿਆ ਜਾਂਦਾ ਹੈ। ਅਮਰੀਕਾ, ਰੂਸ, ਫਰਾਂਸ, ਇਜ਼ਰਾਇਲ, ਦੱਖਣੀ ਅਫਰੀਕਾ ਅਤੇ ਹੋਰ ਦੇਸ਼ਾਂ ਦੇ ਹਥਿਆਰਾਂ ਦੇ ਵਪਾਰੀ, ਹਿੰਦੋਸਤਾਨ ਨਾਲ ਵੱਡੇ-ਵੱਡੇ ਸੌਦੇ ਕਰਨ ਲਈ ਆਪਸ 'ਚ ਦੌੜ ਲਗਾ ਰਹੇ ਹਨ।

ਦੇਸ਼ ਦੇ ਅੰਦਰ, ਹਿੰਦੋਸਤਾਨ ਦੇ ਵੱਡੇ ਸਰਮਾਏਦਾਰ, ਹਥਿਆਰ ਬਣਾਉਣ ਵਾਲੀਆਂ ਵਿਦੇਸ਼ੀ ਕੰਪਣੀਆਂ ਦੇ ਸਹਿਯੋਗ ਨਾਲ, ਹਥਿਆਰਾਂ ਦੇ ਉਦਯੋਗ ਵਿੱਚ ਆਪਣਾ ਹਿੱਸਾ ਵਧਾਉਣ ਲਈ ਯਤਨਸ਼ੀਲ ਹਨ।

1990 ਵਿੱਚ ਫੌਜੀਕਰਣ ਦਾ ਵਰਤਮਾਨ ਦੌਰ ਸ਼ੁਰੂ ਹੋਣ ਵੇਲੇ ਤੋਂ, ਹਥਿਆਰਬੰਦ ਸ਼ਕਤੀਆਂ ਦੀਆਂ ਤਕਨੀਕੀ ਸਮਰੱਥਾਵਾਂ ਕਾਫੀ ਵਧਾ ਦਿੱਤੀਆਂ ਗਈਆਂ ਹਨ। ਸਰਦ ਜੰਗ ਦੇ ਖਤਮ ਹੋਣ ਉਪਰੰਤ, ਹਿੰਦੋਸਤਾਨੀ ਸਰਮਾਏਦਾਰੀ ਨੇ ਨਵੀਂ ਹਾਲਤ ਨੂੰ ਆਪਣੇ ਪੱਖ 'ਚ ਵਰਤਕੇ, ਇੱਕ ਵਿਸ਼ਵ ਪੱਧਰ ਦੀ ਸਾਮਰਾਜਵਾਦੀ ਸ਼ਕਤੀ ਬਣਨ ਲਈ, ਆਪਣੀ ਅੰਤਰਰਾਸ਼ਟਰੀ ਰਣਨੀਤੀ 'ਚ ਫੇਰ-ਬਦਲ ਕਰਨੀ ਸ਼ੁਰੂ ਕਰ ਦਿੱਤੀ ਸੀ। ਫੌਜੀਕਰਣ ਦਾ ਪ੍ਰੋਗ੍ਰਾਮ, ਉਦਾਰੀਕਰਣ ਅਤੇ ਨਿੱਜੀਕਰਣ ਦੇ ਪ੍ਰੋਗ੍ਰਾਮ ਦੇ ਨਾਲ-ਨਾਲ ਚੱਲਦਾ ਰਿਹਾ ਹੈ, ਅਤੇ ਫੌਜੀ ਰਣਨੀਤੀ ਨੂੰ ਸਰਦ ਜੰਗ ਤੋਂ ਬਾਅਦ ਦੀ ਹਿੰਦੋਸਤਾਨੀ ਸਾਮਰਾਜਵਾਦੀ ਰਣਨੀਤੀ ਦੇ ਅਨੁਕੂਲ ਵਿਕਸਤ ਕੀਤਾ ਗਿਆ ਹੈ।

ਥਲ, ਜਲ ਅਤੇ ਹਵਾਈ ਸੈਨਾਵਾਂ ਨੂੰ ਨਵੇਂ ਹਥਿਆਰਾਂ ਨਾਲ ਲਗਾਤਾਰ ਮਜਬੂਤ ਅਤੇ ਅਧੁਨਿਕ ਬਣਾਇਆ ਜਾ ਰਿਹਾ ਹੈ। ਹਿੰਦੋਸਤਾਨ ਨੇ ਪ੍ਰਮਾਣੂ ਹਥਿਆਰ ਵਿਕਸਤ ਕਰ ਲਏ ਹਨ ਅਤੇ ਇਨ੍ਹਾਂ ਹਥਿਆਰਾਂ ਰਾਹੀਂ ਧਰਤੀ, ਸਮੁੰਦਰ ਜਾਂ ਹਵਾ 'ਚੋਂ ਵੱਖ-ਵੱਖ ਦੂਰੀਆਂ ਤਕ ਮਾਰ ਕਰਨ ਵਾਲੀਆਂ ਮਿਸਾਇਲਾਂ ਵੀ ਵਿਕਸਤ ਕਰ ਲਈਆਂ ਹਨ। ਹਥਿਆਰਬੰਦ ਫੌਜ ਨੂੰ ਪਹਾੜਾਂ, ਮਾਰੂਥਲਾਂ ਅਤੇ ਜੰਗਲਾਂ ਵਰਗੇ ਵੱਖ-ਵੱਖ ਹਾਲਤਾਂ 'ਚ ਜੰਗ ਲਈ ਸਿਖਲਾਈ ਦਿੱਤੀ ਗਈ ਹੈ।ਦੂਸਰੇ ਦੇਸ਼ਾਂ ਦੀਆਂ ਫੌਜਾਂ ਖਿਲਾਫ ਲੜਨ ਤੋਂ ਇਲਾਵਾ, ਇਸਨੂੰ ਆਪਣੇ ਹੀ ਦੇਸ਼ ਅੰਦਰ ਬਗਾਵਤਾਂ ਨੂੰ ਕੁਚਲਣ ਲਈ ਵੀ ਸਿਖਲਾਈ ਦਿੱਤੀ ਗਈ ਹੈ।

ਹਿੰਦੋਸਤਾਨ ਦੀ ਸਰਮਾਏਦਾਰੀ ਅੱਜ ਅਮਨ ਦੀਆਂ ਗੱਲਾਂ ਕਰ ਰਹੀ ਹੈ। ਇਹ ਇਸ ਤਰ੍ਹਾਂ ਗੱਲਾਂ ਕਰ ਰਹੀ ਕਿ ਜਿਵੇਂ ਇਸਦਾ ਇਹ ਫੌਜੀਕਰਣ ਹਿੰਦੋਸਤਾਨ ਨੂੰ ਬਾਹਰੀ ਖਤਰੇ ਤੋਂ ਸੁਰੱਖਿਅਤ ਕਰਨ ਲਈ ਹੋਵੇ। ਮਜਦੂਰਾਂ ਅਤੇ ਕਿਸਾਨਾਂ ਨੂੰ ਇਸਦੀਆਂ ਗੱਲਾਂ 'ਚ ਨਹੀਂ ਫਸਣਾ ਚਾਹੀਦਾ।ਜਿਸ ਭਾਰੀ ਪੈਮਾਨੇ ਤੇ ਅਤੇ ਜਿਸ ਕਿਸਮ ਦਾ ਫੌਜੀਕਰਣ ਕੀਤਾ ਜਾ ਰਿਹਾ ਹੈ, ਉਸਤੋਂ ਸਾਫ ਜ਼ਾਹਰ ਹੈ ਕਿ ਇਹ ਹਮਲਾਵਰ ਜੰਗਾਂ ਲਈ ਤਿਆਰੀਆਂ ਕਰ ਰਹੀ ਹੈ।

ਥਲ, ਜਲ ਅਤੇ ਹਵਾਈ ਸੈਨਾਵਾਂ ਵਿੱਚ 13 ਲੱਖ ਮਰਦ ਅਤੇ ਔਰਤਾਂ ਹਨ। ਇਨ੍ਹਾਂ ਤੋਂ ਇਲਾਵਾ ਤਕਰੀਬਨ ਏਨੀ ਹੀ ਗਿਣਤੀ 'ਚ ਨੀਮ-ਫੌਜੀ ਸ਼ਕਤੀਆਂ ਹਨ। ਮੁੱਖ ਨੀਮ ਫੌਜੀ ਸ਼ਕਤੀਆਂ ਹਨ: ਸੀਮਾ ਸੁਰੱਖਿਆ ਬਲ, ਸੀ.ਆਰ.ਪੀ.ਐਫ., ਹਿੰਦ-ਤਿੱਬਤ ਸੀਮਾ ਪੁਲਸ, ਕੇਂਦਰੀ ਉਦਯੋਗਕ ਸੁਰੱਖਿਆ ਬਲ (ਸੀ.ਆਈ.ਐਸ.ਐਫ.) ਅਸਾਮ ਰਾਈਫਲਜ਼ ਅਤੇ ਡੀਫੈਂਸ ਸਿਕਿਉਰਟੀ ਕਾਰਪਸ। ਇਹ ਸੀਮਾ ਸੁਰੱਖਿਆ, ਅੰਦਰੂਨੀ ਬਗਾਵਤਾਂ ਨੂੰ ਦਬਾਉਣ ਅਤੇ ਮਜਦੂਰਾਂ ਦੇ ਸੰਘਰਸ਼ਾਂ ਨੂੰ ਕੁਚਲਣ ਦਾ ਕੰਮ ਕਰਦੀਆਂ ਹਨ। ਜੰਗ ਦੇ ਦੌਰਾਨ ਇਹ ਫੌਜ ਦੀ ਕਮਾਨ ਹੇਠ ਕੰਮ ਕਰਦੀਆਂ ਹਨ।

ਇਸ ਸੱਭ ਦੇ ਬਾਵਜੂਦ, ਹਿੰਦੋਸਤਾਨ ਦੀ ਸਰਮਾਏਦਾਰੀ ਅੱਜ ਅਮਨ ਦੀਆਂ ਗੱਲਾਂ ਕਰ ਰਹੀ ਹੈ। ਇਹ ਇਸ ਤਰ੍ਹਾਂ ਗੱਲਾਂ ਕਰ ਰਹੀ ਕਿ ਜਿਵੇਂ ਇਸਦਾ ਇਹ ਫੌਜੀਕਰਣ ਹਿੰਦੋਸਤਾਨ ਨੂੰ ਬਾਹਰੀ ਖਤਰੇ ਤੋਂ ਸੁਰੱਖਿਅਤ ਕਰਨ ਲਈ ਹੋਵੇ। ਮਜਦੂਰਾਂ ਅਤੇ ਕਿਸਾਨਾਂ ਨੂੰ ਇਸਦੀਆਂ ਗੱਲਾਂ 'ਚ ਨਹੀਂ ਫਸਣਾ ਚਾਹੀਦਾ।ਜਿਸ ਭਾਰੀ ਪੈਮਾਨੇ ਤੇ ਅਤੇ ਜਿਸ ਕਿਸਮ ਦਾ ਫੌਜੀਕਰਣ ਕੀਤਾ ਜਾ ਰਿਹਾ ਹੈ, ਉਸਤੋਂ ਸਾਫ ਜ਼ਾਹਰ ਹੈ ਕਿ ਇਹ ਹਮਲਾਵਰ ਜੰਗਾਂ ਲਈ ਤਿਆਰੀਆਂ ਕਰ ਰਹੀ ਹੈ।

ਫੌਜੀ ਖੇਤਰ ਵਰਗੇ ਇੱਕ ਅਣ-ਉਤਪਾਦਕ ਖੇਤਰ ਉੱਤੇ, ਹਿੰਦੋਸਤਾਨੀ ਸਰਮਾਏਦਾਰੀ ਏਨੇ ਵੱਡੇ ਖਰਚੇ ਕਿਉਂ ਕਰ ਰਹੀ ਹੈ? ਇਹ ਆਪਣੇ ਇਲਾਕੇ ਅੰਦਰ ਅਤੇ ਵਿਸ਼ਵ ਪੈਮਾਨੇ ਤੇ ਵੱਡੀਆਂ ਤਾਕਤਾਂ ਵਿਚਕਾਰ ਬਦਲਦੇ ਆਰਥਕ, ਰਾਜਨੀਤਕ ਅਤੇ ਫੌਜੀ ਤਵਾਜ਼ਨ ਦੇ ਸੰਦਰਭ 'ਚ ਹਿੰਦੋਸਤਾਨੀ ਸਰਮਾਏਦਾਰੀ ਦੀ ਸਾਮਰਾਜਵਾਦੀ ਰਣਨੀਤੀ ਦੀ ਸੇਵਾ ਲਈ ਕੀਤਾ ਜਾ ਰਿਹਾ ਹੈ।

ਇਸ ਸਾਮਰਾਜਵਾਦੀ ਰਣਨੀਤੀ ਦੇ ਕਈ ਸਾਰੇ ਆਪਸ 'ਚ ਜੁੜੇ ਹੋਏ ਹਿੱਸੇ ਹਨ।

ਇਸਦਾ ਮੁੱਖ ਉਦੇਸ਼, ਸਰਮਾਏਦਾਰੀ ਹੱਥੋਂ ਸਾਡੇ ਦੇਸ਼ ਦੇ ਮਿਹਨਤਕਸ਼ ਲੋਕਾਂ ਦੀ ਅਤੇ ਵਿਸ਼ਾਲ ਕੁਦਰਤੀ ਸਾਧਨਾਂ ਦੀ ਲੁੱਟ ਨੂੰ, ਅੰਦਰੂਨੀ ਅਤੇ ਬਾਹਰੀ ਖਤਰੇ ਤੋਂ ਬਚਾਉਣਾ ਹੈ। ਦੇਸ਼ ਦੇ ਅੰਦਰ ਇਸਦਾ ਉਦੇਸ਼ ਸਵੈ-ਨਿਰਣੇ ਲਈ ਲੜ ਰਹੇ ਸੱਭ ਦੱਬੇ-ਕੁਚਲੇ ਲੋਕਾਂ ਨੂੰ ਦਬਾਉਣਾ ਅਤੇ ਮਜਦੂਰਾਂ, ਕਿਸਾਨਾਂ ਤੇ ਮਿਹਨਤਕਸ਼ ਲੋਕਾਂ ਵਲੋਂ ਇਨਕਲਾਬ ਦੇ ਖਤਰੇ ਨੂੰ ਦਬਾਉਣਾ ਹੈ। ਅੱਜ, ਹਿੰਦੋਸਤਾਨੀ ਫੌਜ ਦਾ ਤਕਰੀਬਨ ਤਿੰਨ-ਚੌਥਾਈ ਹਿੱਸਾ, ਕਸ਼ਮੀਰ ਅਤੇ ਉੱਤਰ-ਪੂਰਬੀ ਸੂਬਿਆਂ 'ਚ ਬਗਾਵਤਾਂ ਨੂੰ ਦਬਾਉਣ ਤੇ ਲਗਾਇਆ ਹੋਇਆ ਹੈ। ਇਸਤੋਂ ਇਲਾਵਾ ਛਤੀਸਗੜ੍ਹ, ਝਾਰਖੰਡ, ਉੜੀਸਾ, ਆਦਿ ਵਿੱਚ ਪੁਲਸ ਅਤੇ ਨੀਮ-ਫੌਜੀ ਸ਼ਕਤੀਆਂ ਦੀ ਮੱਦਦ ਲਈ ਥੱਲ ਅਤੇ ਹਵਾਈ ਸੈਨਾ ਨੂੰ ਬੁਲਾਇਆ ਜਾ ਰਿਹਾ ਹੈ।

ਹਿੰਦੋਸਤਾਨ ਅਤੇ ਚੀਨ ਨੇ, ਉੱਤਰ-ਪੂਰਬੀ ਖੇਤਰ ਵਿੱਚ ਅਰੁਨਾਚਲ ਤਕ ਆਪਣੀ ਲੰਬੀ ਸ੍ਰਹੱਦ ਨਾਲ ਲੱਗਦੇ ਇਲਾਕਿਆਂ ਲਈ 1962 ਵਿੱਚ ਜੰਗ ਲੜੀ ਸੀ। ਬੀਤੇ ਵਿੱਚ ਹਿੰਦੋਸਤਾਨ ਤਿੱਬਤ 'ਚ ਬਾਗੀਆਂ ਦੀ ਮੱਦਦ ਕਰਦਾ ਰਿਹਾ ਹੈ ਅਤੇ ਚੀਨ ਉੱਤਰ-ਪੂਰਬ ਦੇ ਬਾਗੀਆਂ ਦੀ ਮੱਦਦ ਕਰਦਾ ਰਿਹਾ ਹੈ। ਹਿੰਦੋਸਤਾਨ ਅਤੇ ਪਾਕਿਸਤਾਨ ਨੇ ਕਸ਼ਮੀਰ ਲਈ ਕਈ ਜੰਗਾਂ ਲੜੀਆਂ ਹਨ। ਚੀਨ ਅਤੇ ਪਾਕਿਸਤਾਨ ਨੇ ਹਿੰਦੋਸਤਾਨ ਦਾ ਮੁਕਾਬਲਾ ਕਰਨ ਲਈ ਇੱਕ ਰਣਨੀਤਕ ਗਠਜੋੜ ਬਣਾਇਆ ਹੋਇਆ ਹੈ। ਇਸ ਤਰ੍ਹਾਂ ਪਾਕਿਸਤਾਨ ਅਤੇ ਚੀਨ ਨਾਲ ਹਿੰਦੋਸਤਾਨ ਦੇ ਦੁਸ਼ਮਣੀ ਵਾਲੇ ਸਬੰਧ ਹਨ। ਹਿੰਦੋਸਤਾਨ ਇਨ੍ਹਾਂ ਦੋਨਾਂ ਨੂੰ ਇਸ ਇਲਾਕੇ ਅੰਦਰ ਆਪਣੇ ਸਾਮਰਾਜਵਾਦੀ ਉਦੇਸ਼ਾਂ ਲਈ ਖਤਰਨਾਕ ਸਮਝਦਾ ਹੈ।

ਹਿੰਦੋਸਤਾਨੀ ਸਰਮਾਏਦਾਰੀ ਦੱਖਣ ਏਸ਼ੀਅਨ ਇਲਾਕੇ ਦੇ ਦੇਸ਼ਾਂ ਨੂੰ ਆਪਣੀ ਸਰਦਾਰੀ ਦੇ ਖੇਤਰ ਦਾ ਹਿੱਸਾ ਸਮਝਦਾ ਹੈ। ਇਹਦੇ 'ਚ ਨਿਪਾਲ, ਬੰਗਲਾਦੇਸ਼, ਭੂਟਾਨ, ਸ੍ਰੀਲੰਕਾ, ਮਾਲਧੀਵ, ਪਾਕਿਸਤਾਨ, ਅਫਗਾਨਿਸਤਾਨ ਅਤੇ ਮਿਅਨਮਾਰ ਸ਼ਾਮਲ ਹਨ। ਇਨ੍ਹਾਂ ਦੇਸ਼ਾਂ ਉੱਤੇ ਇਸਦੀ ਸਰਦਾਰੀ ਨੂੰ ਇਨ੍ਹਾਂ ਦੇ ਲੋਕਾਂ ਵਲੋਂ ਵਿਰੋਧ ਦਾ ਅਤੇ ਦੂਸਰੀਆਂ ਤਾਕਤਾਂ ਵਲੋਂ ਮੁਕਾਬਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਿੰਦੋਸਤਾਨ ਆਪਣੇ ਸਰਦਾਰੀ ਦੇ ਯਤਨਾਂ ਨੂੰ ਕਾਮਯਾਬ ਕਰਨ ਲਈ ਆਪਣੀ ਆਰਥਕ ਅਤੇ ਫੌਜੀ ਸ਼ਕਤੀ ਦਾ ਇਸਤੇਮਾਲ ਕਰਦਾ ਹੈ। ਬੀਤੇ ਵਿੱਚ ਇਸਨੇ

ਬਾਕੀ ਸਫਾ 9 'ਤੇ

# ਦੁਨੀਆ ਦੀ ਪਿੱਠਭੂਮੀ 'ਚ ਹਿੰਦੁਸਤਾਨੀ ਸਰਮਾਏਦਾਰੀ ਦੇ ਫੌਜੀਕਰਣ ਦੀ ਇੱਕ ਝਲਕ

ਜਦ ਅਸੀਂ ਹਿੰਦੁਸਤਾਨੀ ਫੌਜੀਕਰਣ 'ਤੇ ਨਜ਼ਰ ਪਾਉਂਦੇ ਹਾਂ ਤਾਂ ਸਾਨੂੰ ਯਾਦ ਰੱਖਣਾ ਹੋਵੇਗਾ ਕਿ ਹਰ ਪਾਸਿਓਂ ਅਮਰੀਕਾ ਸਭ ਤੋਂ ਵੱਡੀ ਸੈਨਿਕ ਸ਼ਕਤੀ ਹੈ। ਅਮਰੀਕਾ ਦੇ ਸੈਨਿਕ ਦੁਨੀਆ ਦੇ ਕੋਨੇ-ਕੋਨੇ 'ਚ ਤਾਇਨਾਤ ਹਨ। ਅਮਰੀਕਾ ਸਾਰੇ ਕਿਸਮ ਦੇ ਹਥਿਆਰਾਂ 'ਚ ਸਭ ਤੋਂ ਅੱਗੇ ਹੈ, ਉਸਦਾ ਸਾਲਾਨਾ ਖਰਚਾ (51,500 ਕਰੋੜ ਅਮਰੀਕੀ ਡਾਲਰ), ਉਸ ਤੋਂ ਹੇਠਲੇ ਪੱਧਰ ਦੇ ਦੇਸ਼ਾਂ (ਫਰਾਂਸ, ਚੀਨ, ਬ੍ਰਿਟੇਨ, ਜਰਮਨੀ, ਜਾਪਾਨ, ਰੂਸ, ਇਟਲੀ) ਤੋਂ 9 ਤੋਂ 12 ਗੁਣਾ ਜ਼ਿਆਦਾ ਹੈ। ਇਹ ਖਰਚਾ, ਸੈਨਿਕ, ਖਰਚੇ 'ਚ ਉਸ ਤੋਂ ਹੇਠਲੇ ਪੱਧਰ ਦੇ ਦੇਸ਼ਾਂ, ਯਾਨੀ ਕਿ ਹਿੰਦੁਸਤਾਨ, ਸਾਊਦੀ ਅਰਬ ਤੇ ਤੁਰਕੀ ਦੇ ਸਾਲਾਨਾ ਖਰਚੇ ਦਾ 16 ਗੁਣਾ ਹੈ।

ਆਪਣੀ ਵੱਡੀ ਜਨਸੰਖਿਆ, ਵਿਸ਼ਾਲ ਇਲਾਕੇ ਤੇ ਵਧਦੀ ਅਰਥਵਿਵਸਥਾ ਦੇ ਨਾਲ, ਚੀਨ ਤੇ ਹਿੰਦੁਸਤਾਨ ਉਭਰਦੀਆਂ ਤਾਕਤਾਂ ਦੇ ਰੂਪ 'ਚ ਦੇਖੇ ਜਾ ਰਹੇ ਹਨ ਜੋ ਦੁਨੀਆ 'ਚ ਆਪਣੀ ਭੂਮਿਕਾ ਦੇ ਅਨੁਸਾਰ ਹਥਿਆਰਾਂ ਦੇ ਭੰਡਾਰ ਬਣਾ ਰਹੇ ਹਨ।

2008 ਦੇ ਅੰਕੜਿਆਂ ਦੇ ਅਨੁਸਾਰ, ਵਰਦੀ ਵਾਲੇ ਮਰਦ ਤੇ ਔਰਤਾਂ ਦੀ ਸੰਖਿਆ 'ਚ ਹਿੰਦੁਸਤਾਨ ਦੁਨੀਆਂ 'ਚ ਤੀਸਰੇ ਨੰਬਰ 'ਤੇ ਹੈ। ਹੇਠਾਂ ਦਿੱਤੀ ਸਾਰਣੀ ਅਨੁਸਾਰ ਸਭ ਤੋਂ ਵੱਡੀਆਂ ਅੱਠ ਫੌਜੀ ਸ਼ਕਤੀਆਂ ਦੀ ਸੂਚੀ ਹੈ।

## ਕੁਝ ਨਵੀਆਂ ਗਤਿਵਿਧੀਆਂ

ਹਿੰਦੁਸਤਾਨੀ ਹਵਾਈ ਸੈਨਾ ਨੇ 126 ਲੜਾਕੂ ਜੈਟਾਂ ਦੀ ਖਰੀਦ ਲਈ 1000 ਕਰੋੜ ਡਾਲਰਾਂ ਦਾ ਟੈਂਡਰ ਜਾਰੀ ਕੀਤਾ ਹੈ। ਇਸ ਲਈ ਰੂਸ, ਅਮ-ਰੀਕਾ, ਫਰਾਂਸ, ਸਵੀਡਨ ਤੇ ਹੋਰ ਕਈ ਦੇਸ਼ਾਂ ਨੇ ਬੋਲੀਆਂ ਲਗਾਈਆਂ ਹਨ। ਹਿੰਦੁਸਤਾਨ ਦੀ ਮੰਗ ਹੈ ਕਿ ਉਸਨੂੰ ਪੂਰੀ ਤਕਨੀਕ ਚਾਹੀਦੀ ਹੈ। ਪੂਰੀ ਤਕਨੀਕ ਦੇ ਨਾਲ ਰੂਸ ਨੇ ਹਿੰਦੁਸਤਾਨ ਨੂੰ ਰਡਾਰ ਬਨਾਉਣ 'ਚ ਸਹਾਇਤਾ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਹੈ। ਇਸ ਨਾਲ, ਸਭ ਤੋਂ ਪਰਿਸ਼ਕ੍ਰਿਤ ਫੌਜੀ ਉਪਕਰਣਾਂ ਦੇ ਉਤਪਾਤਨ 'ਚ, ਹਿੰਦੁਸਤਾਨ ਸਭ ਤੋਂ ਵਿਕਸਤ ਦੇਸ਼ਾਂ 'ਚ ਗਿਣਿਆ ਜਾਣ ਲੱਗੇਗਾ। ਬੀਤੇ ਦਿਨੀਂ ਹਿੰਦੁਸਤਾਨ ਨੇ ਹਥਿਆਰਾਂ ਦੀ ਖਰੀਦ ਨੂੰ, ਉਨ੍ਹਾਂ ਦੇ ਘਰੇਲੂ ਉਤਪਾਦਨ ਤੇ ਮੁਰੰਮਤ ਦੀ ਯੋਗਤਾ ਵਿਕਸਤ ਕਰਨ ਦੀ ਸ਼ਰਤ ਦੇ ਨਾਲ ਕੀਤਾ ਹੈ, ਤਾਂਕਿ ਪੂਰਤੀ ਕਰਨ ਵਾਲੇ ਦੇਸ਼ਾਂ ਦੇ ਤਰਸ ਦਾ ਪਾਤਰ ਬਣ ਕੇ ਨਾ ਰਹਿ ਜਾਵੇ।

ਹਿੰਦੁਸਤਾਨੀ ਜਲ ਸੈਨਾ ਨੇ 900 ਕਰੋੜ ਰੁ: 'ਚ 6 ਤੇਜਸ ਹਲਕੇ ਲੜਾਕੂ ਜਹਾਜ਼ ਖਰੀਦਣ ਦਾ ਆਰਡਰ ਦਿੱਤਾ ਹੈ। ਜਲ ਸੈਨਾ ਦੀ ਯੋਜਨਾ ਹੈ ਕਿ ਉਸ ਦੇ ਹਵਾਈ ਜਹਾਜ਼ ਵਾਹਕ ਯੁੱਧਪੋਤਾਂ ਤੋਂ ਹਲਕੇ ਤੇ ਦਰਮਿਆਨੇ ਵਜ਼ਨ ਵਾਲੇ ਜਹਾਜ਼ ਉੜਾਏ ਜਾ ਸਕਣਗੇ। ਹਲਕੇ ਲੜਾਕੂ ਜਹਾਜ਼ਾਂ ਦੇ ਨਾਲ-ਨਾਲ ਰੂਸ ਤੋਂ ਆਰਡਰ ਕੀਤੇ ਮਿਗ-29 ਦੇ ਜਹਾਜ਼ਾਂ ਨੂੰ ਸ਼ਾਮਿਲ ਕੀਤਾ ਜਾ ਰਿਹਾ ਹੈ ਜੋ ਵਜ਼ਨ 'ਚ ਭਾਰੀ ਹਨ। ਘਰੇਲੂ ਹਵਾਈ ਜਹਾਜ਼ ਵਾਹਕ ਯੁੱਧਪੋਤ (ਆਈ. ਏ. ਸੀ.) ਕੋਚੀ 'ਚ ਸਥਿਤ ਕੋਚਿਨ ਯੁੱਧਪੋਤ ਕਾਰਖਾਨੇ 'ਚ ਬਣਾਏ ਜਾ ਰਹੇ ਹਨ। ਇਸ 'ਚ ਦੋਵਾਂ ਤਰ੍ਹਾਂ ਦੇ ਜਹਾਜ਼ਾਂ ਦੀ ਸਹੂਲਤ ਦਾ ਪ੍ਰਬੰਧ ਹੈ। ਆਈ. ਏ. ਸੀ. ਨੂੰ ਜਲ ਸੈਨਾ 'ਚ 2014 ਤੱਕ ਸ਼ਾਮਿਲ ਕਰਨ ਦੀ ਉਮੀਦ ਹੈ।

## ਚੀਨ ਦੀ ਸਰਹੱਦ ਨਾਲ ਲੱਗੀ ਲੱਦਾਖ-ਨਿਓਮਾ ਹਵਾਈ ਪੱਟੀ ਨੂੰ ਉੱਨਤ ਕੀਤਾ ਜਾਵੇਗਾ

ਹਿੰਦੁਸਤਾਨੀ ਹਵਾਈ ਸੈਨਾ ਲੱਦਾਖ ਦੇ ਨਿਓਮਾ ਇਲਾਕੇ 'ਚ ਪੂਰੀ ਤਰ੍ਹਾਂ ਸੰਪਨ ਬੇਸ ਦਾ ਨਿਰਮਾਣ ਕਰ ਰਹੀ ਹੈ ਜੋ ਚੀਨ ਦੀ ਸਰਹੱਦ ਦੇ ਨਜ਼ਦੀਕ ਹੈ। ਇਸ ਨੂੰ 2012 ਤੱਕ ਤਿਆਰ ਕੀਤਾ ਜਾਵੇਗਾ। ਇਹ ਸੈਨਿਕ ਸੰਚਾਲਨ ਕੇਂਦਰ, ਚੀਨ ਦੀ ਸੀਮਾ ਤੋਂ 23 ਕਿ. ਮੀ. ਦੀ ਦੂਰੀ 'ਤੇ ਹੈ।

| | |
|---|---|
| ਚੀਨ | 22,55,000 |
| ਅਮਰੀਕਾ | 13,85,122 |
| ਹਿੰਦੁਸਤਾਨ | 13,25,000 |
| ਰੂਸ | 12,45,000 |
| ਉੱਤਰੀ ਕੋਰੀਆ | 11,70,000 |
| ਦੱਖਣੀ ਕੋਰੀਆ | 6,87,000 |
| ਪਾਕਿਸਤਾਨ | 6,50,000 |
| ਈਰਾਨ | 5,45,000 |

## ਮਿਗ-29 ਦਸਤੇ ਦਾ ਅਪਗ੍ਰੇਡ

2013 ਤੱਕ ਰੂਸ ਹਿੰਦੁਸਤਾਨੀ ਹਵਾਈ ਸੈਨਾ ਦੇ 60 ਮਿਗ-29 ਲੜਾਕੂ ਜਹਾਜ਼ਾਂ ਨੂੰ ਅਪਗ੍ਰੇਡ ਕਰੇਗਾ, ਜਿਸ ਨਾਲ ਇਨ੍ਹਾਂ ਜਹਾਜ਼ਾਂ ਨੂੰ ਹੋਰ 15 ਵਰ੍ਹਿਆਂ ਤੱਕ ਵਰਤਿਆ ਜਾ ਸਕਦਾ ਹੈ।

ਹਿੰਦੁਸਤਾਨੀ ਫੌਜ, ਰੱਖਿਆ ਕਾਰਜਸ਼ਾਲਾ ਤੇ ਵਿਕਾਸ ਸੰਸਥਾ (ਡੀ.ਆਰ.ਡੀ.ਓ.) ਦੇ ਨਾਭਿਕ, ਜੈਵਿਕ ਤੇ ਰਸਾਇਣ (ਐਨ.ਬੀ. ਸੀ.) ਹਥਿਆਰਾਂ ਨੂੰ ਫੜਨ ਵਾਲੀਆਂ ਗੱਡੀਆਂ ਸ਼ਾਮਿਲ ਕਰੇਗੀ।

ਫੌਜ ਨੇ ਡੀ.ਆਰ.ਡੀ.ਓ. ਨਾਲ ਬਣਨ ਵਾਲੀਆਂ, ਘੱਟ ਖਰਚੀਲੀਆਂ ਗੱਡੀਆਂ ਨੂੰ ਸ਼ਾਮਿਲ ਕੀਤਾ, ਜਿਸ ਨਾਲ ਦੇਸ਼ 'ਤੇ ਨਾਭਕੀ, ਜੈਵਿਕ ਤੇ ਰਸਾਇਣ ਹਮਲਿਆਂ ਦਾ ਪਤਾ ਲਗਾਇਆ ਜਾ ਸਕਦਾ ਹੈ। ਹੁਣ ਦੇਸ਼ 'ਚ ਬਣਨ ਵਾਲੀਆਂ ਗੱਡੀਆਂ ਤੋਂ ਦੇਸ਼ ਦੀ ਸੀਮਾ ਅੰਦਰ ਨਾਭਕੀ ਵਿਕਰਣਾਂ, ਰਸਾਇਣ ਤੇ ਜੈਵਿਕਰਿਦਿਆਂ ਨੂੰ ਪਹਿਚਾਣਿਆ ਜਾ ਸਕੇਗਾ। ਫੌਜ 'ਚ ਨਾਗ ਮਿਜ਼ਾਈਲ ਸ਼ਾਮਿਲ ਕੀਤੀ ਜਾਵੇਗੀ। 4 ਤੋਂ 7 ਕਿ.ਮੀ. ਦੀ ਦੂਰੀ 'ਤੇ ਹਮਲਾ ਕਰਨ ਲਈ, ਨਾਗ ਹਰ ਮੌਸਮ ਲਈ ਕਾਰਗਰ ਮਿਜ਼ਾਈਲ ਹੈ।

## ਦਾਗਣ ਦੀ ਪ੍ਰਣਾਲੀ

ਹਿੰਦੁਸਤਾਨੀ ਹਥਿਆਰਬੰਦ ਫੌਜ ਪਾਰੰਪਰਿਕ ਤੇ ਨਾਭਕੀ ਹਥਿਆਰਾਂ ਨੂੰ ਦਾਗਣ ਲਈ ਆਪਣੀ ਖੁਦ ਦੀ ਪ੍ਰਣਾਲੀ ਤਿਆਰ ਕਰ ਰਹੀ ਹੈ। ਇਸ ਤੋਂ ਸਾਫ਼ ਦਿ-ਖਾਈ ਦਿੰਦਾ ਹੈ ਕਿ ਹਿੰਦੁਸਤਾਨ ਦੇ ਪੂੰਜੀਪਤੀ ਸਿਰਫ਼ ਹਥਿਆਰਾਂ ਦੀ ਦਰਾਮਦ 'ਤੇ ਨਿਰਭਰ ਨਹੀਂ ਰਹਿਣਾ ਚਾਹੁੰਦੇ, ਬਲਕਿ ਆਪਣੀ ਸਾਮਰਾਜਵਾਦੀ ਰਣਨੀਤੀ ਲਈ ਲੰਮੇ ਸਮੇਂ ਦੀ ਯੋਜਨਾ ਬਣਾ ਰਹੇ ਹਨ।

ਹੇਠ ਲਿਖਿਤ ਹਿੰਦੁਸਤਾਨ 'ਚ ਵਿਕਸਤ ਮਿਜ਼-ਾਈਲਾਂ ਦੀ ਸੂਚੀ ਹੈ ਜਿਨ੍ਹਾਂ ਨਾਲ ਨਾਭਕੀ ਬੰਬ ਸੁੱਟੇ ਜਾ ਸਕਦੇ ਹਨ।

**People's Voice**

**(Fortnightly)**

Annual Contribution: Rs. 200 (within India), US $ 25 (abroad) Send Cheque/Demand Draft in the name of:

Lok Awaz Publishers and Distributors,

E-392, Sanjay Colony, Okhla
Phase - II, New Delhi - 110 020

## ਨਾਭਕੀ (ਨਿਊਕਲੀਅਰ) ਪਨਡੁੱਬੀਆਂ

ਹਿੰਦੁਸਤਾਨ ਦੀ ਯੋਜਨਾ ਨਾਭਕੀ ਪਨਡੁੱਬੀਆਂ ਦੀ 20 ਤੱਕ ਦੀ ਸੰਖਿਆ ਕਰਨ ਦੀ ਹੈ, ਜਿਨ੍ਹਾਂ 'ਚ ਨਾਭਕੀ ਬੰਬ ਵਾਲੀਆਂ ਮਿਜ਼ਾਈਲਾਂ ਦੀ ਤਾਕਤ ਹੋਵੇ। ਅਗਾਊਂ ਤਕਨੀਕ ਪੋਤ ਯੋਜਨਾ ਦੇ ਤਹਿਤ ਹਿੰਦੁਸਤਾਨ ਨੇ ਅਜੇ ਤੱਕ ਇਕ ਇਸ ਤਰ੍ਹਾਂ ਦੀ ਪਨਡੁੱਬੀ ਬਣਾ ਲਈ ਹੈ ਤੇ ਦੋ ਹੋਰ ਬਣਾਈਆਂ ਜਾ ਰਹੀਆਂ ਹਨ।

ਦੇਸ਼ 'ਚ ਵਿਕਸਤ ਕੀਤੀ ਗਈ ਦਾਗਣ ਵਾਲੀ ਪ੍ਰਣਾਲੀ ਦਾ ਇਸਤੇਮਾਲ ਕਰ ਕੇ ਹਿੰਦੁਸਤਾਨੀ ਨੌਸੈਨਾ ਦੇ ਦੂਸਰੇ ਪੋਤ ਵੀ ਨਾਭਕੀ ਤੇ ਪਰੰਪਰਕ ਮਿਜ਼ਾਈਲਾਂ ਦੀ ਤਾਕਤ ਲੈ ਸਕਦੇ ਹਨ।

## ਨਾਭਕੀ ਤਾਕਤ ਵਾਲੇ ਜਹਾਜ਼

ਹਿੰਦੁਸਤਾਨ ਦੇ ਕੋਲ ਹੁਣ ਇਸ ਤਰ੍ਹਾਂ ਦੇ ਜਹਾਜ਼ ਹਨ ਜਿਨ੍ਹਾਂ ਨਾਲ ਨਾਭਕੀ ਤੇ ਪਰੰਪਰਕ ਮਿਜ਼ਾਈਲਾਂ ਦਾਗੀਆਂ ਜਾ ਸਕਦੀਆਂ ਹਨ। ਬਰਾਮਦ ਕੀਤੇ ਜਹਾਜ਼ਾਂ ਦੇ ਨਾਲ-ਨਾਲ ਹਿੰਦੁਸਤਾਨ ਏਅਰੋਨਾਟਿਕਸ ਲਿਮਟਿਡ ਵੱਲੋਂ ਉਤਪਾਦਤ ਤੇਜਸ ਜਹਾਜ਼ 'ਚ ਨਾਭਕੀ ਹਥਿਆਰ ਲਗਾਏ ਜਾ ਸਕਦੇ ਹਨ।

## ਪ੍ਰਖੇਪੀ ਮਿਜ਼ਾਈਲ ਸੁਰੱਖਿਆ

ਹਿੰਦੁਸਤਾਨ 'ਚ ਪ੍ਰਿਥਵੀ ਹਵਾਈ ਸੁਰੱਖਿਆ (ਪੀ.ਏ.ਡੀ.) ਨਾਮੀ ਇਕ ਪ੍ਰਖੇਪੀ ਮਿਜ਼ਾਈਲ ਯੋਜਨਾ ਹੈ। ਦੋ ਨਵੀਆਂ ਪ੍ਰਖੇਪੀ ਮਿਜ਼ਾਈਲਾਂ ਵਿਕਸਤ ਕੀਤੀਆਂ ਜਾ ਰਹੀਆਂ ਹਨ, ਜੋ ਆਈ.ਆਰ.ਬੀ.ਐਮ./ਆਈ.ਸੀ.ਬੀ.ਐਮ. ਨਾਲ ਹਵਾ 'ਚ ਹੀ ਭਿੜ ਸਕਦੀਆਂ ਹਨ। ਇਸ ਤਰ੍ਹਾਂ ਦੀਆਂ ਤੇਜ਼ ਮਿਜ਼ਾਈਲਾਂ (ਏ.ਡੀ.-1 ਤੇ ਏ.ਡੀ.-2) 5000 ਕਿ. ਮੀ. ਤੱਕ ਦੇ ਦਾਇਰੇ 'ਚ ਪ੍ਰਖੇਪੀ ਮਿਜ਼ਾਈਲਾਂ ਨਾਲ ਹਵਾ 'ਚ ਲੜਨ ਲਈ ਵਿਕਸਤ ਕੀਤੀਆਂ ਜਾ ਰਹੀਆਂ ਹਨ।

## ਹਿੰਦ ਮਹਾਂਸਾਗਰ ਦਾ ਇਲਾਕਾ-ਹਾਲ ਦੀਆਂ ਕੁਛ ਗਤੀਵਿਧੀਆਂ

2007 'ਚ ਹਿੰਦੁਸਤਾਨ ਦੀ ਨਵੀਂ ਖਬਰੀ ਚੌਕੀ ਮੇਡਾਗਾਸਕਰ 'ਚ ਸ਼ੁਰੂ ਕੀਤੀ ਗਈ। ਇਸ ਨਿਗਰਾਨੀ ਦੀ ਪ੍ਰਣਾਲੀ 'ਚ ਦੱਖਣ-ਪੱਛਮ ਹਿੰਦ ਮਹਾਸਾਗਰ 'ਚ ਹੋ ਰਹੀ ਫੌਜੀ ਹਲਚਲ ਦੇ ਬਾਰੇ 'ਚ ਸੂਚਨਾ ਮਿਲਦੀ ਹੈ। ਨਿਗਰਾਨੀ ਦੀ ਪ੍ਰਣਾਲੀ ਨੂੰ ਕੋਚੀ ਤੇ ਮੁੰਬਈ ਦੀ ਜਲ ਸੈਨਾ ਦੇ ਦੱਖਣੀ ਤੇ ਪੱਛਮੀ ਉੱਚ ਕਮਾਨਾਂ ਨਾਲ ਜੋੜਿਆ ਗਿਆ ਹੈ। ਮੇਡਾਗਾਸਕਰ ਅਫਰੀਕਾ ਦੇ ਪੂਰਬੀ ਤਟ 'ਤੇ ਸਥਿਤ ਵੱਡਾ ਟਾਪੂ ਹੈ। ਹਿੰਦ ਮਹਾਸਾਗਰ ਦੀ ਸੀਮਾ 'ਤੇ ਸਥਿਤ ਵਧਦੀ ਸੰਖਿਆ 'ਚ ਅਫਰੀਕਾ ਦੇ ਉਹ ਦੇਸ਼ ਹਨ, ਜਿਨ੍ਹਾਂ ਦੇ ਨਾਲ ਹਿੰਦੁਸਤਾਨ ਨੌਸੈਨਿਕ ਤੇ ਦੂਸਰੇ ਸਬੰਧ ਬਣਾ ਰਿਹਾ ਹੈ। 2003 'ਚ ਹੋਏ ਅਫਰੀਕੀ ਸੰਘ ਦੇ ਸਿਖਰ ਸੰਮੇਲਨ ਤੇ ਉਸ ਦੇ ਅਗਲੇ ਵਰ੍ਹੇ ਹੋਏ ਵਿਸ਼ਵ ਆਰਥਕ ਫੋਰਮ ਦੇ ਸ਼ਿਖਰ ਸੰਮੇਲਨ ਦੇ ਸਮੇਂ, ਹਿੰਦੁਸਤਾਨੀ ਜਲ ਸੈਨਾ ਨੇ ਮੋਜ਼ਾਂਬੀਕ ਦੀ ਸਮੁੰਦਰੀ ਸੁਰੱਖਿਆ ਦੀ ਜ਼ਿੰਮੇਵਾਰੀ ਲਈ ਸੀ।

**Internet Edition**
Mazdoor Ekta Lehar (Punjabi Monthly)
http://www.cgpi.org
E-mail:- mail@cgpi.org e-mail : melpaper@yahoo.com

ਹਿੰਦੁਸਤਾਨ ਦੇ ਮਾਰੀਸ਼ਸ ਦੇ ਨਾਲ 1974 ਤੋਂ ਹੀ ਨੌਸੈਨਿਕ ਸਬੰਧ ਹਨ। ਮਾਰੀਸ਼ਸ ਹਿੰਦੁਸਤਾਨ ਤੇ ਮੇਡਾਗਾਸਕਰ ਦੇ ਵਿਚਾਲੇ ਸਥਿਤ ਹੈ। ਇਸ ਤਰ੍ਹਾਂ ਦੀ ਖਬਰ ਹੈ ਕਿ ਮਾਰੀਸ਼ਸ ਨੇ ਆਪਣਾ ਆਲਗੇਲਾ ਟਾਪੂ ਹਿੰਦੁਸਤਾਨ ਨੂੰ ਲੰਮੇ ਸਮੇਂ ਲਈ ਲੀਜ਼ 'ਤੇ ਦੇਣ ਦਾ ਪ੍ਰਸਤਾਵ ਪੇਸ਼ ਕੀਤਾ ਹੈ। ਇਹ ਟਾਪੂ ਮਾਰੀਸ਼ਸ ਤੋਂ 1100 ਕਿ. ਮੀ. ਤੇ ਹਿੰਦੁਸਤਾਨ ਤੋਂ 3000 ਕਿ. ਮੀ. ਦੂਰ ਹੈ।

ਅਫਰੀਕਾ ਦੇ ਦੱਖਣੀ-ਪੱਛਮੀ ਤਟ 'ਤੇ ਸਥਿਤ ਮੋਜ਼ਾਂਬੀਕ ਦੇ ਨਾਲ ਹਿੰਦੁਸਤਾਨ ਨੇ ਤਟੀ ਨਿਗਰਾਨੀ ਦਾ ਸਮਝੌਤਾ ਕੀਤਾ ਹੈ। ਨਾਲ ਦੇ ਨਾਲ, ਹਿੰਦੁਸਤਾਨ ਹੋਰ ਫੌਜੀ ਗੱਡੀਆਂ, ਹਵਾਈ ਜਹਾਜ਼ ਤੇ ਪੋਤਾਂ ਨੂੰ ਅਸੈਂਬਲ ਕਰਨ ਤੇ ਮੁਰੰਮਤ ਕਰਨ ਦੇ ਉਪਕਰਣ ਵੀ ਦੇ ਰਿਹਾ ਹੈ ਤੇ ਉਨ੍ਹਾਂ ਦੇ ਤਕਨੀਕੀ ਮਾਹਰਾਂ ਨੂੰ ਜਾਣਕਾਰੀ ਵੀ ਦੇ ਰਿਹਾ ਹੈ। ■

## ਹਿੰਦੋਸਤਾਨ ਕੋਲ ਨਾਭਕੀ (ਨਿਊਕਲੀਅਰ) ਸਮਰੱਥਾ ਵਾਲੀਆਂ ਮਿਸਾਇਲਾਂ

| ਨਾਮ | ਵਰਗ | ਦੂਰੀ ਸਮਰੱਥਾ | ਵਜ਼ਨ ਸਮਰੱਥਾ | ਸਥਿਤੀ |
|---|---|---|---|---|
| ਅਗਨੀ-1 | ਐਸ.ਆਰ.ਬੀ.ਐਮ. | 850 ਕਿ.ਮੀ. | 1,000 ਕਿ.ਗ੍ਰਾ. | ਤਿਆਰ ਹੈ |
| ਅਗਨੀ-2 | ਐਮ.ਆਰ.ਬੀ.ਐਮ. | 2,500 ਕਿ.ਮੀ. | 500-1,000 ਕਿ.ਗ੍ਰਾ. | ਤਿਆਰ ਹੈ |
| ਅਗਨੀ-3 | ਆਈ.ਸੀ.ਬੀ.ਐਮ. | 3,500-5,500 ਕਿ.ਮੀ. | 2,490 ਕਿ.ਗ੍ਰਾ. | ਤਿਆਰ ਹੈ |
| ਅਗਨੀ-5 | ਆਈ.ਸੀ.ਬੀ.ਐਮ. | 5,000-6,000 ਕਿ.ਮੀ. | 3,000 ਕਿ.ਗ੍ਰਾ. | ਵਿਕਾਸ ਅਧੀਨ |
| ਅਗਨੀ-3ਐਸ.ਐਲ. | ਆਈ.ਸੀ.ਬੀ.ਐਮ. | 5,200-11,600ਕਿ.ਮੀ. | 700-1,400ਕਿ.ਗ੍ਰਾ. | ਵਿਕਾਸ ਅਧੀਨ |
| ਅਕਾਸ਼ | ਧਰਤੀ ਤੋਂ ਹਵਾ 'ਚ | 30ਕਿ.ਮੀ. | 60ਕਿ.ਗ੍ਰਾ. | ਤਿਆਰ ਹੈ |
| ਅਸਤਰ | ਹਵਾ ਤੋਂ ਹਵਾ 'ਚ | 80ਕਿ.ਮੀ.ਸਿੱਧੀ,15ਕਿ.ਮੀ.ਪਿੱਛਾ ਕਰਦਿਆਂ | ? | ਤਿਆਰ ਹੈ |
| ਬ੍ਰਾਹਮੋਸ-1 | ਸੁਪਰਸੋਨਿਕ ਕਰੂਜ਼ ਮਿਸਾਇਲ | 290 ਕਿ.ਮੀ. | 300 ਕਿ.ਗ੍ਰਾਮ | ਤਿਆਰ ਹੈ |
| ਬ੍ਰਾਹਮੋਸ-2 | ਹਾਈਪ੍ਰਸੋਨਿਕ ਕਰੂਜ਼ ਮਿਸਾਇਲ | ? | ? | ਵਿਕਾਸ ਅਧੀਨ |
| ਧਨੁਸ਼ | ਐਸ.ਆਰ.ਬੀ.ਐਮ. | 350 ਕਿ.ਮੀ. | 500 ਕਿ.ਗ੍ਰਾ. | ਤਿਆਰ ਹੈ |
| ਨਿਰਭੈ | ਸਬਸੋਨਿਕ ਕਰੂਜ਼ ਮਿਸਾਇਲ | 1,000 ਕਿ.ਮੀ. | ? | ਵਿਕਾਸ ਅਧੀਨ |
| ਪੀ-70-ਅਮੇਟਿਸਟ | ਸਮੁੰਦਰੀ ਜ਼ਹਾਜ ਨਾਸ਼ਕ | 65 ਕਿ.ਮੀ. | 530 ਕਿ.ਗ੍ਰਾ. | ਤਿਆਰ ਹੈ |
| ਪੀ-270 ਮੋਸਿਕਤ | ਐਸ.ਸੀ.ਐਮ. | 120 ਕਿ.ਮੀ. | 320 ਕਿ.ਗ੍ਰਾ. | ਤਿਆਰ ਹੈ |
| ਪੋਪੇਈ | ਏ.ਐਸ.ਐਮ. | 78 ਕਿ.ਮੀ. | 340 ਕਿ.ਗ੍ਰਾ. | ਤਿਆਰ ਹੈ |
| ਪ੍ਰਿਥਵੀ-1 | ਐਸ.ਆਰ.ਬੀ.ਐਮ. | 150 ਕਿ.ਮੀ. | 1,000 ਕਿ.ਗ੍ਰਾ. | ਤਿਆਰ ਹੈ |
| ਪ੍ਰਿਥਵੀ-2 | ਐਸ.ਆਰ.ਬੀ.ਐਮ. | 250ਕਿ.ਮੀ. | 500 ਕਿ.ਗ੍ਰਾ. | ਤਿਆਰ ਹੈ |
| ਪ੍ਰਿਥਵੀ-3 | ਐਸ.ਆਰ.ਬੀ.ਐਮ. | 350 ਕਿ.ਮੀ. | 500 ਕਿ.ਗ੍ਰਾ. | ਤਿਆਰ ਹੈ |
| ਸਾਗਰਿਕਾ | ਐਸ.ਐਲ.ਬੀ.ਐਮ. | 700-2,200 ਕਿ.ਮੀ. | 150-1,000 ਕਿ.ਗ੍ਰਾ. | ਤਿਆਰ ਹੈ |
| ਛੌਰਯ | ਟੀ.ਬੀ.ਐਮ. | 700-2,200 ਕਿ.ਮੀ. | 150-1,000 ਕਿ.ਗ੍ਰਾ. | ਤਿਆਰ ਹੈ |
| ਸੂਰੀਯ-1 | ਆਈ.ਸੀ.ਬੀ.ਐਮ. | 9,000-12,000 ਕਿ.ਮੀ. | 3,000 ਕਿ.ਗ੍ਰਾ. | ? |
| ਸੂਰੀਯ-2 | ਆਈ.ਸੀ.ਬੀ.ਐਮ. | 20,000 ਕਿ.ਮੀ. | ? | ? |

## ਸ਼ੇਖ ਹਸੀਨਾ...

**ਸਫਾ 1 ਦੀ ਬਾਕੀ**

ਇਜਾਜ਼ਤ ਮਿਲੀ। ਬੰਗਲਾਦੇਸ਼ ਨੂੰ ਹਿੰਦੁਸਤਾਨੀ ਇਲਾਕੇ ਤੋਂ ਲੰਘ ਕੇ ਨੇਪਾਲ ਤੇ ਭੁਟਾਨ ਤੱਕ ਪੁੱਜਣ ਦੀ ਇਜਾਜ਼ਤ ਮਿਲੀ। ਬੰਗਲਾਦੇਸ਼ ਨੇ ਆਪਣੇ ਇਲਾਕੇ ਅੰਦਰੋਂ ਹਿੰਦੁਸਤਾਨ ਨੂੰ ਤ੍ਰਿਪੁਰਾ ਤੋਂ ਅਗਰਤਲਾ ਤੱਕ ਤੇਲ ਲਾਈਨ ਬਨਾਉਣ ਦੀ ਇਜਾਜ਼ਤ ਵੀ ਦਿੱਤੀ।

ਹਿੰਦੁਸਤਾਨ ਨੂੰ ਪੂਰਬ-ਉੱਤਰ ਦੇ ਬਾਕੀ ਦੇਸ਼ ਨਾਲ ਜੋੜਨ ਲਈ ਬੰਗਲਾਦੇਸ਼ ਦੇ ਅੰਦਰੋਂ ਲੰਘਣ ਦੀ ਜ਼ਰੂਰਤ ਹੈ। ਪੂਰਬ-ਉੱਤਰ ਖੇਤਰ ਤੇ ਪੱਛਮੀ ਬੰਗਾਲ ਤੇ ਬੰਗਲਾਦੇਸ਼ ਦੇ ਲੋਕਾਂ ਲਈ, ਦੋਵਾਂ ਦੇਸ਼ਾਂ ਵਿਚ ਵਪਾਰ ਖੁੱਲ੍ਹਣ ਤੇ ਦੂਸੀਆਂ ਰੁਕਾਵਟਾਂ ਦੇ ਹਟਣ ਨਾਲ ਕਾਫ਼ੀ ਆਪਸੀ ਫਾਇਦਾ ਹੋ ਸਕਦਾ ਹੈ।

ਹਿੰਦੁਸਤਾਨ ਦੇ ਪੂੰਜੀਪਤੀਆਂ ਲਈ, ਪੂਰਬ ਉੱਤਰ ਖੇਤਰ ਦੇ ਲੰਮੇ ਸਮੇਂ ਦੇ ਵਿਕਾਸ ਤੇ ਦੱਖਣੀ-ਪੂਰਬੀ ਏਸ਼ੀਆਈ ਦੇਸ਼ਾਂ ਦੇ ਨਾਲ ਵਪਾਰ ਦੇ ਵਾਧੇ ਲਈ, ਇਹ ਜ਼ਰੂਰੀ ਹੈ ਕਿ ਆਰਥਕ ਤੇ ਰਾਜਨੀਤਕ ਮੋਰਚਿਆਂ 'ਤੇ ਹਿੰਦੁਸਤਾਨ ਤੇ ਬੰਗਲਾਦੇਸ਼ ਦੇ ਵਿਚਾਲੇ ਬਿਹਤਰ ਸਬੰਧ ਹੋਣ।

ਬੰਗਲਾਦੇਸ਼ ਬਾਰੇ ਹਿੰਦੁਸਤਾਨੀ ਰਾਜ ਦੀ ਮੁੱਖ ਚਿੰਤਾ ਸੁਰੱਖਿਆ ਦੇ ਮਾਮਲੇ 'ਚ ਹੈਂ, ਯਾਨੀ ਪੂਰਬ ਉੱਤਰ ਹਿੰਦੁਸਤਾਨ 'ਚ ਬਗ਼ਾਵਤੀ ਤਾਕਤਾਂ ਵੱਲੋਂ ਬੰਗਲਾਦੇਸ਼ ਦੇ ਇਲਾਕੇ ਦਾ ਇਸਤੇਮਾਲ। ਸ਼ੇਖ ਹਸੀਨਾ ਦੀ ਸਰਕਾਰ ਨੇ ਉਲਫਾ ਦੇ ਮੁੱਖ ਨੇਤਾਵਾਂ ਤੇ ਕਾਰਜਕਤਾਵਾਂ ਨੂੰ ਹਿੰਦੁਸਤਾਨੀ ਸਰਕਾਰ ਦੇ ਹਵਾਲੇ ਕਰ ਦੇਣ ਦੇ ਕਦਮ ਚੁੱਕੇ ਹਨ। ਸੁਰੱਖਿਆ ਮਾਮਲੇ 'ਚ ਇਸ ਸਹਿਯੋਗ ਨੂੰ ਹੋਰ ਅੱਗੇ ਵਧਾਉਂਦੇ ਹੋਏ , ਤਿੰਨ ਸਮਝੌਤਿਆਂ 'ਤੇ ਹਸਤਾਖਰ ਕੀਤੇ ਗਏ -- ਅਪਰਾਧਕ ਮਾਮਲਿਆਂ 'ਚ ਆਪਸੀ ਕਾਨੂੰਨੀ ਸਹਿਯੋਗ 'ਤੇ, ਦੋਸ਼ੀ ਕਰਾਰ ਦਿੱਤੇ ਗਏ ਵਿਅਕਤੀਆਂ ਨੂੰ ਦੇਣ 'ਤੇ ਅਤੇ ਅੰਤਰਰਾਸ਼ਟਰੀ ਅੱਤਵਾਦ, ਕਰਵਾਏ ਜਾਂਦੇ ਅਪਰਾਧ ਤੇ ਗ਼ੈਰ ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਰੋਕਣ 'ਤੇ।

ਆਪਸੀ ਅਸਹਿਮਤੀ ਦਾ ਇਕ ਮੁੱਖ ਵਿਸ਼ਾ, ਬੰਗਲਾਦੇਸ਼ ਦੇ ਨਦੀ ਦੇ ਹੇਠਲੇ ਹਿੱਸੇ 'ਚ ਸਥਿਤ ਹੋਣ ਦੀ ਵਜ੍ਹਾ ਕਾਰਨ, ਵਰਖਾ ਦੇ ਸਮੇਂ ਵਾਰ-ਵਾਰ ਬੰਗਲਾਦੇਸ਼ 'ਚ ਹੜ੍ਹ ਆ ਜਾਣਾ ਤੇ ਬਾਕੀ ਸਮੇਂ 'ਤੇ ਪਾਣੀ ਦੇ ਵਹਾਅ ਨੂੰ ਹਿੰਦੁਸਤਾਨ ਵੱਲੋਂ ਰੋਕ ਦਿੱਤਾ ਜਾਣਾ ਹੈ। ਇਸ ਬਾਰੇ ਕੋਈ ਸਮਝੌਤਾ ਨਹੀਂ ਹੋ ਸਕਿਆ। ਹਿੰਦੁਸਤਾਨੀ ਰਾਜ ਨੇ ਬੰਗਲਾਦੇਸ਼ ਦੇ ਨਾਲ ਪਾਣੀ ਦੇ ਲੈਣ-ਦੇਣ ਦੇ ਮੁੱਦੇ ਨੂੰ ਕਦੀ ਹੱਲ ਨਹੀਂ ਕੀਤਾ ਹੈ। ਸਮੇਂ-ਸਮੇਂ 'ਤੇ ਹਿੰਦੁਸਤਾਨ ਜ਼ਿਆਦਾ ਪਾਣੀ ਨੂੰ ਛੱਡ ਦਿੰਦਾ ਹੈ, ਜਿਸ ਨਾਲ ਬੰਗਲਾਦੇਸ਼ 'ਚ ਹੜ੍ਹ ਆ ਜਾਂਦਾ ਹੈ। ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਦੇ ਆਉਣ ਤੋਂ ਪਹਿਲਾਂ ਇਸ 'ਤੇ ਕੁਝ ਸਰਕਾਰੀ ਪੱਧਰ 'ਤੇ ਗੱਲਬਾਤ ਹੋਈ ਸੀ, ਪਰ ਕੋਈ ਸਮਝੌਤਾ ਨਹੀਂ ਹੋ ਸਕਿਆ। ਹਾਲ 'ਚ ਦੋਵਾਂ ਦੇਸ਼ਾਂ ਦੇ ਵਿਚਾਲੇ ਸਮੁੰਦਰੀ ਸੀਮਾ ਨੂੰ ਲੈ ਕੇ ਵਧਦਾ ਵਿਵਾਦ ਪੈਦਾ ਹੋਇਆ ਹੈ, ਪਰ ਇਸ 'ਤੇ ਵੀ ਕੋਈ ਸਮਝੌਤਾ ਨਹੀਂ ਹੋ ਸਕਿਆ।

ਇਕ ਦੇਸ਼ ਦੇ ਇਲਾਕੇ ਅੰਦਰ ਦੂਸਰੇ ਦੇਸ਼ ਦੇ ਬਹੁਤ ਸਾਰੇ ‘‘ਗਲਿਆਰਿਆਂ’’ ਦੇ ਵਿਸ਼ੇ 'ਤੇ ਲੰਮੇ ਸਮੇਂ ਤੋਂ, ਦੇਸ਼ ਦੇ ਬਟਵਾਰੇ ਦੇ ਸਮੇਂ ਤੋਂ, ਦੋਵਾਂ ਦੇਸ਼ਾਂ ਵਿਚਕਾਰ ਵਿਵਾਦ ਚੱਲ ਰਿਹਾ ਹੈ। ਪਰ ਇਸ 'ਤੇ ਵੀ ਕੋਈ ਸਮਝੌਤਾ ਨਹੀਂ ਹੋਇਆ। ਮੀਟਿੰਗਾਂ 'ਚ ਹਿੰਦੁਸਤਾਨ ਨੇ ‘‘ਅਸੂਲ ਦੇ ਤੌਰ 'ਤੇ’’ ਇਹ ਮੰਨਿਆ ਹੈ ਕਿ ਇਸ ਖਾਮੀ ਨੂੰ ਦੂਰ ਕਰਨ ਲਈ 17,000 ਏਕੜ ਜ਼ਮੀਨ ਹਿੰਦੁਸਤਾਨ ਤੋਂ ਬੰਗਲਾਦੇਸ਼ ਨੂੰ ਦਿੱਤੀ ਜਾਵੇਗੀ ਤੇ 7,000 ਏਕੜ ਬੰਗਲਾਦੇਸ਼ ਤੋਂ ਹਿੰਦੁਸਤਾਨ ਨੂੰ ਦਿੱਤੀ ਜਾਵੇਗੀ। ਪਰ ਜ਼ਮੀਨੀ ਤੌਰ 'ਤੇ ਇਸ ਤਰ੍ਹਾਂ ਕਰਨ ਤੋਂ ਪਹਿਲਾਂ ਹਿੰਦੁਸਤਾਨ 'ਚ ਸੰਸਦ ਦੀ ਸਹਿਮਤੀ ਲੈਣੀ ਹੋਵੇਗੀ ਤੇ ਕਈ ਲੰਮੀਆਂ-ਚੋੜੀਆਂ ਕਾਰਵਾਹੀਆਂ ਪੂਰੀਆਂ ਕਰਨੀਆਂ ਪੈਣਗੀਆਂ। ਯਾਤਰਾ ਦੇ ਦੌਰਾਨ ਵਾਤਾਵਰਣ 'ਚ ਮਿਠਾਸ ਲਿਆਉਣ ਲਈ, ਹਿੰਦੁਸਤਾਨੀ ਸਰਕਾਰ ਨੇ ਬੰਗਲਾਦੇਸ਼ 'ਚ ਸੜਕ ਤੇ ਰੇਲ ਦੇ ਮੁੱਢਲੇ ਢਾਂਚੇ ਦੇ ਵਿਕਾਸ ਲਈ ਇਕ ਅਰਬ ਡਾਲਰ ਦਾ ਉਧਾਰ ਘੋਸ਼ਤ ਕੀਤਾ ਤੇ ਬਿਜਲੀ ਦੇ ਲੈਣ ਦੇਣ 'ਤੇ ਵੀ ਇਕ ਸਮਝੌਤਾ ਕੀਤਾ, ਜਿਸ ਦੇ ਤਹਿਤ ਬੰਗਲਾਦੇਸ਼ ਹਿੰਦੁਸਤਾਨ ਤੋਂ 250 ਮੈਗਾਵਾਟ ਬਿਜਲੀ ਲੈ ਸਕੇਗਾ।

ਇਹ ਮੰਨੀ ਹੋਈ ਗੱਲ ਹੈ ਕਿ ਬੰਗਲਾਦੇਸ਼ ਦੇ ਨਾਲ ਹਿੰਦੁਸਤਾਨੀ ਰਾਜ ਦਾ ਰਿਸ਼ਤਾ ਕਾਫੀ ਤਣਾਅਪੂਰਣ ਰਿਹਾ ਹੈ। ਜਦ ਤੋਂ ਇੰਦਰਾ ਗਾਂਧੀ ਦੀ ਸਰਕਾਰ ਨੇ 1971 'ਚ ਪਾਕਿਸਤਾਨ ਦੀ ਪੂਰਬੀ ਸ਼ਾਖਾ ਨੂੰ ਕੱਟ ਕੇ ਬੰਗਲਾਦੇਸ਼ ਦੀ ਸਥਾਪਨਾ ਕਰਨ ਦਾ ਨਿਰਣਾਇਕ ਕਦਮ ਚੁੱਕਿਆ ਸੀ, ਤਦ ਤੋਂ ਹਿੰਦੁਸਤਾਨੀ ਰਾਜ ਨੇ ਇਸ ਗੁਆਂਢੀ ਦੇਸ਼ 'ਚ ਦਖਲਅੰਦਾਜ਼ੀ ਕੀਤੀ ਹੈ ਤੇ ਇਸ ਵੱਲ ਦਾਦਾਗਿਰੀ ਦਾ ਰਵੱਈਆ ਅਪਣਾਇਆ ਹੈ। ਇਸ ਲਈ ਬੰਗਲਾਦੇਸ਼ 'ਚ ਲੋਕ ਹਿੰਦੁਸਤਾਨ ਨੂੰ ਕਾਫ਼ੀ ਨਫ਼ਰਤ ਕਰਦੇ ਹਨ।

ਨਾਲ ਦੇ ਨਾਲ, ਬੰਗਲਾਦੇਸ਼ ਦੀਆਂ ਦੋ ਮੁੱਖ ਮੁਕਾਬਲੇ ਵਾਲੀਆਂ ਪਾਰਟੀਆਂ, ਖਾਲਿਦਾ ਜੀਆ ਦੀ ਅਗਵਾਈ 'ਚ ਬੀ.ਐਨ.ਪੀ. ਅਤੇ ਸ਼ੇਖ ਹਸੀਨਾ ਦੀ ਅਗਵਾਈ 'ਚ ਆਵਾਮੀ ਲੀਗ -- ਇਨ੍ਹਾਂ ਵਿਚੋਂ ਸ਼ੇਖ ਹਸੀਨਾ ਦੀ ਆਵਾਮੀ ਲੀਗ ਨਾਲ ਹਿੰਦੁਸਤਾਨੀ ਰਾਜ ਦੇ ਜ਼ਿਆਦਾ ਨੇੜਲੇ ਸਬੰਧ ਰਹੇ ਹਨ। ਕਿਉਂਕਿ ਬੀਤੀਆਂ ਚੋਣਾਂ 'ਚ ਆਵਾਮੀ ਲੀਗ ਦੀ ਭਾਰੀ ਬਹੁਮਤ ਨਾਲ ਜਿੱਤ ਹੋਈ ਸੀ ਤੇ ਉਸ ਤੋਂ ਬਾਅਦ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਦੀ ਇਹ ਪਹਿਲੀ ਸਰਕਾਰੀ ਯਾਤਰਾ ਸੀ, ਇਸ ਲਈ ਇਸ ਯਾਤਰਾ 'ਚ ਦੋਵਾਂ ਪੱਖਾਂ ਦੀ ਬਹੁਤ ਦਿਲਚਸਪੀ ਸੀ, ਇਸ ਉਮੀਦ ਕਾਰਨ ਕਿ ਹਿੰਦੁਸਤਾਨ-ਬੰਗਲਾਦੇਸ਼ ਦੇ ਆਪਸੀ ਸਬੰਧਾਂ 'ਚ ਕੁਝ ਵਿਵਾਦਤ ਮੁੱਦਿਆਂ ਨੂੰ ਹੱਲ ਕਰਨ ਲਈ ਮੁੱਖ ਕਦਮ ਪੁੱਟੇ ਜਾਣਗੇ।

ਸ਼ੇਖ ਹਸੀਨਾ ਦਾ ਸ਼ਾਨਦਾਰ ਸਵਾਗਤ ਅਤੇ ਕੀਤੇ ਗਏ ਸਮਝੌਤਿਆਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਹਿੰਦੁਸਤਾਨੀ ਰਾਜ ਬੰਗਲਾਦੇਸ਼ ਤੇ ਮਿਆਂਮਾਰ ਦੇ ਨਾਲ ਵਧਦੇ ਆਰਥਕ ਸਬੰਧਾਂ ਦੇ ਆਪਣੇ ਰਣਨੀਤਕ ਮਨਸੂਬਿਆਂ ਨੂੰ ਹਾਸਲ ਕਰਨ ਲਈ, ਬੰਗਲਾਦੇਸ਼ ਦੇ ਨਾਲ ਚੰਗੇ ਰਿਸ਼ਤੇ ਬਨਾਉਣ ਦੀ ਦਿਸ਼ਾ 'ਚ ਕੁਝ ਮੁੱਢਲੇ ਕਦਮ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਕੋਸ਼ਿਸ਼ ਕਿਸ ਹੱਦ ਤੱਕ ਸਫ਼ਲ ਹੋਵੇਗੀ, ਇਹ ਇਸ ਗੱਲ 'ਤੇ ਨਿਰਭਰ ਹੈ ਕਿ ਹਿੰਦੁਸਤਾਨੀ ਰਾਜ ਨਦੀ ਦੇ ਪਾਣੀ ਦੀ ਸਮੱਸਿਆ, ਸਮੁੰਦਰੀ ਹੱਦ ਦੇ ਵਿਵਾਦ, ਹਿੰਦੁਸਤਾਨ 'ਚ ਪ੍ਰਵਾਸੀ ਬੰਗਲਾਦੇਸ਼ੀ ਮਜ਼ਦੂਰਾਂ ਉੱਤੇ ਘੋਰ ਅੱਤਿਆਚਾਰ ਆਦਿ ਨੂੰ ਹੱਲ ਕਰਨ ਲਈ ਕੀ ਕਦਮ ਚੁੱਕੇਗਾ ਤੇ ਵਪਾਰ ਤੇ ਪੂੰਜੀ ਨਿਵੇਸ਼ 'ਚ ਬੰਗਲਾਦੇਸ਼ ਨੂੰ ਲਾਭ ਲੈਣ 'ਚ ਕਿੰਨੀ ਸਹਾਇਤਾ ਦੇਵੇਗਾ। ■


1. ਸਮਾਚਾਰ ਪੱਤਰ ਦਾ ਨਾਮ -- ਮਜ਼ਦੂਰ ਏਕਤਾ ਲਹਿਰ
2. ਸਮਾਚਾਰ ਪੱਤਰ ਦੀ ਪੰਜੀਕਰਣ ਸੰਖਿਆ -- 2009/29968
3. ਭਾਸ਼ਾ/ਭਾਸ਼ਾਵਾਂ ਜਿਸ 'ਚ ਸਮਾਚਾਰ ਪੱਤਰ ਪ੍ਰਕਾਸ਼ਤ ਕੀਤਾ ਜਾਂਦਾ ਹੈ -- ਪੰਜਾਬੀ
4. ਇਸਦੇ ਪ੍ਰਕਾਸ਼ਨ ਦਾ ਨਿਯਤਕਾਲ ਅਤੇ ਜਿਸ ਦਿਨ/ਤਾਰੀਖ ਨੂੰ ਇਹ ਪ੍ਰਕਾਸ਼ਤ ਹੁੰਦਾ ਹੈ -- ਹਰ ਮਹੀਨੇ, 9 ਤਾਰੀਖ ਨੂੰ
5. ਸਮਾਚਾਰ ਪੱਤਰ ਦਾ ਮੁੱਲ -- 5 ਰੁਪਏ
6. ਪ੍ਰਕਾਸ਼ਕ ਦਾ ਨਾਮ-- ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼ ਦੇ ਲਈ, ਮਧੁਸੂਦਨ ਕਸਤੂਰੀ
   ਰਾਸ਼ਟਰੀਅਤਾ -- ਭਾਰਤੀ
   ਪਤਾ -- ਈ-392, ਸੰਜੇ ਕਲੋਨੀ, ਓਖਲਾ ਫੇਜ਼-2, ਨਵੀਂ ਦਿੱਲੀ 110020
7. ਛਾਪਕ ਦਾ ਨਾਮ--ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼ ਦੇ ਲਈ, ਮਧੁਸੂਦਨ ਕਸਤੂਰੀ
   ਰਾਸ਼ਟਰੀਅਤਾ -- ਭਾਰਤੀ
   ਪਤਾ -- ਈ-392, ਸੰਜੇ ਕਲੋਨੀ, ਓਖਲਾ ਫੇਜ਼-2, ਨਵੀਂ ਦਿੱਲੀ 110020
8. ਸੰਪਾਦਕ ਦਾ ਨਾਮ -- ਸ੍ਰੀ ਚੰਦਰਭਾਨ
   ਰਾਸ਼ਟਰੀਅਤਾ -- ਭਾਰਤੀ
   ਪਤਾ -- ਈ-392, ਸੰਜੇ ਕਲੋਨੀ, ਓਖਲਾ ਫੇਜ਼-2, ਨਵੀਂ ਦਿੱਲੀ 110020
9. ਜਿਸ ਜਗ੍ਹਾ ਤੇ ਛਪਾਈ ਦਾ ਕੰਮ ਹੁੰਦਾ ਹੈ ਅਤੇ ਸਹੀ ਵਿਵਰਣ -- ਮਾ ਪ੍ਰਿੰਟਰਜ਼, ਬੀ-24/2, ਓਖਲਾ ਫੇਜ਼-2, ਨਵੀਂ ਦਿੱਲੀ 110020 (ਅਤੇ ਦੋ ਹੋਰ)
10. ਪ੍ਰਕਾਸ਼ਨ ਦਾ ਸਥਾਨ -- ਈ-392, ਸੰਜੇ ਕਲੋਨੀ, ਓਖਲਾ ਫੇਜ਼-2, ਨਵੀਂ ਦਿੱਲੀ 110020

## ਗਣਤੰਤਰ...

**ਸਫਾ 1 ਦੀ ਬਾਕੀ**

ਅਤੇ ਹਜ਼ਾਰਾਂ ਹੀ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਕਸ਼ਮੀਰ, ਪੰਜਾਬ ਅਤੇ ਬੰਗਾਲ ਦੇ ਦੋ-ਦੋ ਟੋਟੇ ਕਰ ਦਿੱਤੇ ਗਏ, ਜਿਨ੍ਹਾਂ ਦੇ ਵਿਚਾਲੇ ਹਿੰਦ-ਪਾਕਿ ਸਰਹੱਦ ਨਾਂਅ ਦੀ ਖੂਨੀ ਦੀਵਾਰ ਖੜੀ ਕਰ ਦਿੱਤੀ ਗਈ। ਨਾਗਾਲੈਂਡ ਅਤੇ ਮਣੀਪੁਰ ਨੂੰ ਜ਼ੋਰੋ-ਜ਼ਰਬੀ ਹਿੰਦੋਸਤਾਨ ਵਿੱਚ ਮਿਲਾ ਲਿਆ ਗਿਆ ਸੀ। ਹਿੰਦੋਸਤਾਨ ਅਤੇ ਪਾਕਿਸਤਾਨ ਅੰਦਰ, ਬਸਤੀਵਾਦੀ ਨਮੂਨੇ ਦੇ ਸਾਮਰਾਜ ਉਸਾਰਨ ਵਾਲੇ ਰਾਜ ਸਥਾਪਤ ਕਰ ਦਿੱਤੇ ਗਏ ਸਨ।

ਹਿੰਦੋਸਤਾਨ ਦਾ ਗਣਤੰਤਰ ਅਤੇ ਪਾਕਿਸਤਾਨ ਦਾ ਗਣਤੰਤਰ, ਦੋਨੋ ਹੀ, ਫਿਰਕੂ ਬਟਵਾਰੇ ਦੀ ਪੈਦਾਇਸ਼ ਸਨ। ਸਦੀਆਂ ਤੋਂ ਇਸ ਉਪ-ਮਹਾਂਦੀਪ 'ਚ ਵਸਦੇ ਅਨੇਕਾਂ ਹੀ ਕੌਮਾਂ, ਕੌਮੀਅਤਾਂ ਅਤੇ ਲੋਕਾਂ ਦੇ ਅਧਿਕਾਰਾਂ ਤੋਂ ਇਹ ਦੋਨੋ ਹੀ ਰਾਜ ਮੁਨਕਰ ਹਨ। ਇਹ ਦੋਨੋ ਗਣਤੰਤਰ, ਕੌਮੀ ਅਤੇ ਸਮਾਜਕ ਮੁਕਤੀ ਲਈ ਲੋਕਾਂ ਦੇ ਸੰਘਰਸ਼ਾਂ ਨੂੰ ਖੂਨ 'ਚ ਲਥ-ਪਥ ਕਰਨ ਦੇ ਅਧਾਰ ਤੇ ਹੋਂਦ 'ਚ ਆਏ ਸਨ। ਅੱਜ ਵੀ, ਇਹ ਆਪੋ-ਆਪਣੇ ਇਲਾਕਿਆਂ ਅੰਦਰ ਵਸਦੇ ਲੋਕਾਂ ਦੇ ਕੌਮੀ ਜਜ਼ਬਿਆਂ ਨੂੰ ਜ਼ਬਰ ਨਾਲ ਕੁਚਲ ਰਹੇ ਹਨ।

1950 ਦਾ ਸੰਵਿਧਾਨ ਲਿਖਣ ਵਾਲੇ ਕਾਂਗਰਸ ਪਾਰਟੀ ਦੇ ਲੀਡਰ, ਉਨ੍ਹਾਂ ਵੱਡੇ ਸਰਮਾਏਦਾਰਾਂ ਅਤੇ ਵੱਡੇ ਜਗੀਰਦਾਰਾਂ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਦੇ ਸਨ, ਜਿਨ੍ਹਾਂ ਨੇ ਅੰਗਰੇਜ ਬਸਤੀਵਾਦੀ ਰਾਜ ਨੂੰ ਸਹਿਯੋਗ ਦਿੱਤਾ ਸੀ ਅਤੇ ਉਸ ਤੋਂ ਫਾਇਦਾ ਉਠਾਇਆ ਸੀ। ਉਨ੍ਹਾਂ ਨੇ, ਸਾਡੇ ਲੋਕਾਂ ਦੀ ਅਨਮੋਲ ਵਿਰਾਸਤ ਦਾ ਅਨਾਦਰ ਕਰਕੇ, ਯੂਰਪੀਨ ਨਮੂਨੇ ਦਾ ਸੰਵਿਧਾਨ ਅਪਣਾਇਆ। ਇਸ ਸੰਵਿਧਾਨ ਦੀ ਨੀਂਹ ਮੁੱਖ ਤੌਰ ਤੇ 1935 ਦੇ 'ਗੌਰਮਿੰਟ ਆਫ਼ ਇੰਡੀਆ ਐਕਟ' ਉਤੇ ਰੱਖੀ ਗਈ, ਜੋ ਕਿ 1857 ਦੇ ਗ਼ਦਰ ਨੂੰ ਕੁਚਲ ਕੇ ਕਾਇਮ ਕੀਤੇ ਗਏ ਰਾਜ ਦਾ ਹੀ ਇੱਕ ਵਧੇਰੇ ਵਿਕਸਤ ਰੂਪ ਸੀ। ਹਿੰਦੋਸਤਾਨ ਦੀ ਸਰਮਾਏਦਾਰ ਜਮਾਤ ਨੇ, ਲੁੱਟ ਅਤੇ ਦਮਨ ਦੀਆਂ ਉਨ੍ਹਾਂ ਸੰਸਥਾਵਾਂ ਨੂੰ ਬਰਕਰਾਰ ਰੱਖਣਾ ਲਾਹੇਵੰਦ ਸਮਝਿਆ, ਜਿਹੜੀਆਂ ਸੰਸਥਾਵਾਂ ਅੰਗਰੇਜ਼ ਬਸਤੀਵਾਦੀਏ ਪਿੱਛੇ ਛੱਡ ਗਏ ਸਨ। ਉਨ੍ਹਾਂ ਨੇ ਪਾਰਲੀਮਾਨੀ ਜਮਹੂਰੀਅਤ ਦੀ ਯੂਰਪੀਨ ਪ੍ਰਣਾਲੀ ਆਪਣਾਈ, ਜੋ ਕਿ ਸਰਮਾਏਦਾਰ ਜਮਾਤ ਨੂੰ ਸੱਤਾ 'ਚ ਬਰਕਰਾਰ ਰੱਖਣ ਲਈ ਘੜੀ ਹੋਈ ਹੈ।

ਪਿਛਲੇ 60 ਵਰ੍ਹਿਆਂ ਤੋਂ, ਹਿੰਦੋਸਤਾਨ ਦੀ ਸਰਮਾਏਦਾਰੀ ਨੇ ਇਸ ਗਣਤੰਤਰ ਦਾ ਇਸਤੇਮਾਲ ਕਰਕੇ, ਅਥਾਹ ਦੌਲਤ ਕਮਾਈ ਹੈ ਅਤੇ ਪੂਰੇ ਦੇਸ਼ ਉੱਤੇ ਆਪਣਾ ਗਲਬਾ ਜਮਾ ਲਿਆ ਹੈ। ਆਪਣੀ ਉਦਯੋਗਕ, ਵਿੱਤੀ, ਸੈਨਿਕ, ਬਰਾਮਦਾਂ ਅਤੇ ਵਿਦੇਸ਼ਾਂ 'ਚ ਪੈਸਾ ਨਿਵੇਸ਼ ਕਰਨ ਦੀ ਸਮਰੱਥਾ ਨੂੰ ਵਧਾ ਕੇ, ਹਿੰਦੋਸਤਾਨੀ ਸਰਮਾਏਦਾਰੀ ਅੱਜ ਇੱਕ ਧੱਕੜਸ਼ਾਹ ਰਸਤੇ ਉੱਤੇ ਚੱਲ ਪਈ ਹੈ। ਇਹ, ਅਗਲੇ ਇੱਕ ਦਹਾਕੇ ਅੰਦਰ ਹਿੰਦੋਸਤਾਨੀ ਗਣਰਾਜ ਨੂੰ ਇੱਕ ਵਿਸ਼ਵ ਪੱਧਰ ਦੀ ਮਹਾਂਸ਼ਕਤੀ ਬਤੌਰ ਮਜਬੂਤ ਅਤੇ ਵਿਸਤ੍ਰਿਤ ਕਰਨਾ ਚਾਹੁੰਦੀ ਹੈ। ਇਸਦਾ ਅਰਥ ਹੈ ਕਿ ਸਾਡੇ ਮਜ਼ਦੂਰਾਂ ਅਤੇ ਕਿਸਾਨਾਂ ਦੀ ਧਰਤ ਅਤੇ ਮਿਹਨਤ ਦੀ ਹੋਰ ਵੀ ਅੰਨ੍ਹੀ ਲੁੱਟ ਕੀਤੀ ਜਾਵੇਗੀ। ਇਸਦਾ ਅਰਥ ਹੈ ਕਿ ਸਾਡੇ ਮਿਹਨਤਕਸ਼ ਲੋਕਾਂ ਨੂੰ ਸਾਮਰਾਜਵਾਦੀ ਜੰਗ ਵਿੱਚ ਤੋਪਾਂ ਦਾ ਚਾਰਾ ਬਣਾਇਆ ਜਾਵੇਗਾ।

ਬੀਤੇ 60 ਵਰ੍ਹਿਆਂ ਦਾ ਅਨੁਭਵ ਇਹ ਦਿਖਾਉਂਦਾ ਹੈ ਕਿ ਸਰਮਾਏਦਾਰੀ, ਹਿੰਦੋਸਤਾਨੀ ਲੋਕਾਂ ਦੇ ਰਾਸ਼ਟਰੀ ਅਤੇ ਸਮਾਜਕ ਮੁਕਤੀ ਦੇ ਸੁਪਨਿਆਂ ਨੂੰ ਕਦੇ ਵੀ ਸਾਕਾਰ ਨਹੀਂ ਕਰੇਗੀ। ਜਦ ਤਕ ਸਰਮਾਏਦਾਰੀ ਦੀ ਹਕੂਮਤ ਬਰਕਰਾਰ ਰਹੇਗੀ, ਤਦ ਤਕ ਮਿਹਨਤਕਸ਼ਾਂ ਨੂੰ ਸਿਰਫ ਲੁੱਟ-ਖਸੁੱਟ, ਬੇਰੁਜਗਾਰੀ ਅਤੇ ਅਸੁਰੱਖਿਆ ਹੀ ਨਸੀਬ ਹੋਵੇਗੀ। ਇਸ ਉਪ-ਮਹਾਂਦੀਪ ਅੰਦਰ ਕੌਮਾਂ ਅਤੇ ਲੋਕਾਂ ਵਿਚਾਲੇ ਝਗੜੇ ਅਤੇ ਬਟਵਾਰੇ ਵਧਦੇ ਹੀ ਰਹਿਣਗੇ। ਜਿਵੇਂ-ਜਿਵੇਂ ਹਿੰਦੋਸਤਾਨੀ ਸਰਮਾਏਦਾਰੀ ਆਪਣੇ ਧਾੜਵੀ ਸਾਮਰਾਜਵਾਦੀ ਰਾਹ ਤੇ ਅੱਗੇ ਵਧੇਗੀ, ਤਿਵੇਂ-ਤਿਵੇਂ ਜੰਗ ਦਾ ਖਤਰਾ ਵੀ ਵਧਦਾ ਜਾਵੇਗਾ।

ਉਹ ਕਿਹੜੀ ਸਮਾਜਕ ਤਾਕਤ ਹੈ, ਜੋ ਬਸਤੀਵਾਦੀ ਵਿਰਾਸਤ ਨੂੰ ਖਤਮ ਕਰ ਸਕਦੀ ਹੈ ਅਤੇ ਸਮਾਜ ਨੂੰ ਇਸ ਹਾਲਤ ਤੋਂ ਬਚਾ ਸਕਦੀ ਹੈ? ਉਹ ਕਿਹੜੀ ਜਮਾਤ ਹੈ, ਜੋ ਇੱਕ ਪਾਏਦਾਰ ਅਤੇ ਏਕਤਾਬਧ ਹਿੰਦੋਸਤਾਨ ਉਸਾਰਨ ਵਿੱਚ ਸਾਡੇ ਲੋਕਾਂ ਨੂੰ ਅਗਵਾਈ ਦੇ ਸਕਦੀ ਹੈ, ਜਿਹੜਾ ਹਿੰਦੋਸਤਾਨ ਸਾਡੇ ਲੋਕਾਂ ਵਿਚਾਲੇ ਸਾਂਝ ਅਤੇ ਸਹਿਯੋਗ ਦਾ ਇੱਕ ਕਾਰਕ ਹੋਵੇਗਾ? ਕੀ ਸਾਡੇ ਸਮਾਜ ਅੰਦਰ ਅਜੇਹੀ ਕੋਈ ਤਾਕਤ ਹੈ? ਹਾਂ, ਅਜੇਹੀ ਇੱਕ ਸਮਾਜਕ ਤਾਕਤ ਹੈ। ਇਹ ਹੈ ਹਿੰਦੋਸਤਾਨ ਦੀ ਮਜ਼ਦੂਰ ਜਮਾਤ, ਜੋ ਪਿਛਲੇ 60 ਵਰ੍ਹਿਆਂ ਅੰਦਰ ਗਿਣਤੀ 'ਚ ਬਹੁਤ ਵਧ ਗਈ ਹੈ ਅਤੇ ਅੱਜ ਸਾਡੇ ਸਮਾਜ ਦੀ ਸੱਭ ਤੋਂ ਵੱਡੀ ਜਮਾਤ ਹੈ।

ਮਜ਼ਦੂਰ ਜਮਾਤ, ਜ਼ਮੀਨ ਦੇ ਕਿਸੇ ਵਿਸ਼ੇਸ਼ ਟੁਕੜੇ ਜਾਂ ਇਲਾਕੇ ਨਾਲ ਬੱਝੀ ਹੋਈ ਨਹੀਂ ਹੈ; ਇਸ ਕਰਕੇ ਇਹ ਕਿਸੇ ਵਿਸ਼ੇਸ਼ ਕੌਮ ਨਾਲ ਵੀ ਨਹੀਂ ਬੱਝੀ ਹੋਈ। ਕਿਉਂਕਿ ਇਸ ਦਾ ਜਮਾਤੀ ਖਾਸਾ ਇਹ ਹੈ ਕਿ ਇਸਦੇ ਕੋਲ ਵੇਚਣ ਲਈ ਆਪਣੀ ਕਿਰਤ-ਸ਼ਕਤੀ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ ਹੈ, ਇਸ ਕਰਕੇ ਇਹ ਕੌਮੀ, ਧਾਰਮਕ ਅਤੇ ਜਾਤੀਵਾਦੀ ਮਤ-ਭੇਦਾਂ ਨੂੰ ਲਾਂਭੇ ਕਰਕੇ, ਇੱਕ ਜੁੱਟ ਖੜੀ ਹੁੰਦੀ ਹੈ। ਦੱਖਣ ਤੋਂ ਮਜ਼ਦੂਰ ਉੱਤਰ ਵੱਲ ਜਾਂਦੇ ਹਨ, ਪੂਰਬ ਤੋਂ ਪੱਛਮ ਵੱਲ ਜਾਂਦੇ ਹਨ, ਜਿਸ ਕਰਕੇ ਹਿੰਦੋਸਤਾਨੀ ਮਜ਼ਦੂਰ ਜਮਾਤ, ਇੱਕ ਬਹੁ-ਕੌਮੀ, ਬਹੁ-ਜਾਤੀ ਅਤੇ ਬਹੁ-ਭਾਸ਼ੀ ਜਮਾਤ ਹੈ। ਦੇਸ਼ ਦੇ ਹਰ ਹਿੱਸੇ ਦੇ ਕਿਸਾਨਾਂ ਨਾਲ, ਇਸਦੇ ਗੂੜ੍ਹੇ ਰਿਸ਼ਤੇ ਹਨ। ਵੱਖ-ਵੱਖ ਬਾਹਰਲੇ ਦੇਸ਼ਾਂ ਅੰਦਰ ਪ੍ਰਵਾਸੀ ਲੋਕਾਂ ਨਾਲ, ਇਸਦੇ ਨਜ਼ਦੀਕੀ ਸਬੰਧ ਹਨ। ਇਹ ਇੱਕ ਅਜੇਹੀ ਜਮਾਤ ਹੈ, ਜਿਹਦੇ ਅੰਦਰ ਇੱਕ ਨਵਾਂ ਹਿੰਦੋਸਤਾਨ ਉਸਾਰਨ ਵਿੱਚ, ਸੱਭ ਮਿਹਨਤਕਸ਼ ਲੋਕਾਂ ਨੂੰ ਅਗਵਾਈ ਦੇਣ ਦੀ ਸਮਰੱਥਾ ਦਾ ਵਾਸਾ ਹੈ।

ਬਸਤੀਵਾਦੀ ਵਿਰਾਸਤ ਨੂੰ ਬਰਕਰਾਰ ਰੱਖਣ 'ਚ ਮਜ਼ਦੂਰ ਜਮਾਤ ਦਾ ਕੋਈ ਹਿੱਤ ਨਹੀਂ ਹੈ। ਬਲਕਿ ਇਸਦੇ ਉਲਟ, ਬਸਤੀਵਾਦੀ ਵਿਰਾਸਤ ਨਾਲੋਂ, ਅਤੇ ਇਸ ਦੇ ਪੂੰਜੀਵਾਦੀ ਨਿਜ਼ਾਮ ਅਤੇ ਯੂਰਪੀਨ ਸ਼ੈਲੀ ਦੀ ਪਾਰਲੀਮਾਨੀ ਜਮਹੂਰੀਅਤ ਨਾਲੋਂ ਪੂਰੀ ਤਰ੍ਹਾਂ ਨਾਤਾ ਤੋੜਨ 'ਚ ਹੀ ਮਜ਼ਦੂਰ ਜਮਾਤ ਦਾ ਭਲਾ ਹੈ। ਇਹਦੇ ਕੋਲ ਆਪਣੀਆਂ ਜੰਜੀਰਾਂ ਤੋਂ ਸਿਵਾ ਗਵਾਉਣ ਲਈ ਹੋਰ ਕੁੱਝ ਵੀ ਨਹੀਂ ਹੈ।

ਮਜ਼ਦੂਰ ਜਮਾਤ, ਆਪਣੀ ਕਮਿਊਨਿਸਟ ਪਾਰਟੀ ਦੀ ਅਗਵਾਈ 'ਚ, ਸੱਭ ਕੌਮੀਅਤਾਂ ਦੇ ਕਿਸਾਨਾਂ ਅਤੇ ਹੋਰ ਦੱਬੇ-ਕੁਚਲੇ ਲੋਕਾਂ ਨੂੰ, ਉਨ੍ਹਾਂ ਸੱਭ ਦੇ ਸਾਂਝੇ ਜ਼ਾਬਰ, ਜਾਣੀ ਕਿ ਸਰਮਾਏਦਾਰੀ ਤੇ ਉਹਦੇ ਰਾਜ ਦੇ ਖਿਲਾਫ ਇੱਕ ਜੁੱਟ ਕਰ ਸਕਦੀ ਹੈ ਅਤੇ ਇਸਨੂੰ ਲਾਜ਼ਮੀ ਹੀ ਅਜੇਹਾ ਕਰਨਾ ਚਾਹੀਦਾ ਹੈ। ਇਸਨੂੰ ਲਾਜ਼ਮੀ ਹੀ ਰਜ਼ਾਮੰਦ ਕੌਮਾਂ, ਕੌਮੀਅਤਾਂ ਅਤੇ ਲੋਕਾਂ ਦੇ ਇੱਕ ਸਵੈ-ਇੱਛਾਪੂਰਨ ਸੰਘ ਬਤੌਰ, ਹਿੰਦੋਸਤਾਨ ਦਾ ਪੁਨਰਗਠਨ ਕਰਨ ਦਾ ਕੰਮ ਉਠਾਉਣਾ ਚਾਹੀਦਾ ਹੈ। ਸਵੈ-ਇੱਛਾਪੂਰਨ ਦਾ ਅਰਥ ਇਹ ਹੈ ਕਿ ਸੱਭ ਤੋਂ ਪਹਿਲਾਂ, ਹਰੇਕ ਕੌਮ ਦੇ ਆਪਣੇ ਭਵਿੱਖ ਦਾ ਖੁਦ ਫੈਸਲਾ ਕਰਨ ਦੇ ਅਧਿਕਾਰ ਨੂੰ ਮਾਣਤਾ ਦੇਣੀ ਹੋਏਗੀ। ਸੰਘ ਦੇ ਹਰੇਕ ਘਟਕ ਨੂੰ, ਪ੍ਰਸਪਰ ਫਾਇਦੇ ਲਈ ਸੰਘ 'ਚ ਸ਼ਾਮਲ ਹੋਣ ਦਾ ਫੈਸਲਾ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ।

ਅੱਜ ਦੇ ਇਸ 60 ਸਾਲ ਦੇ ਹੋ ਚੁੱਕੇ ਗਣਤੰਤਰ ਅੰਦਰ ਕਸ਼ਮੀਰ, ਉੱਤਰ-ਪੂਰਬ ਅਤੇ ਹੋਰ ਇਲਾਕਿਆਂ ਵਿੱਚ, ਕੌਮੀ ਮੁਕਤੀ ਸੰਘਰਸ਼ਾਂ ਨੂੰ ਬੇਕ੍ਰਿਕ ਦਮਨ ਝੱਲਣਾ ਪੈ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਇਹ "ਦੇਸ਼ ਦੀ ਏਕਤਾ ਅਤੇ ਅਖੰਡਤਾ" ਲਈ ਖਤਰਾ ਹਨ। ਬਸਤੀਵਾਦੀ ਤੇ ਫਾਸ਼ੀਵਾਦੀ 'ਸੁਰੱਖਿਆ ਬਲ (ਵਿਸ਼ੇਸ਼-ਅਧਿਕਾਰ) ਕਨੂੰਨ' ਦੇ ਤਹਿਤ ਫੌਜ ਅਤੇ ਅਰਧ-ਫੌਜੀ ਬਲਾਂ ਵਲੋਂ ਮਨਮਰਜ਼ੀ ਨਾਲ ਕੀਤੇ ਜਾ ਰਹੇ ਕਤਲਾਂ, ਨੂੰ ਵੈਧਤਾ ਦਾ ਜਾਮਾ ਪਹਿਨਾਇਆ ਜਾ ਰਿਹਾ ਹੈ। ਦੂਸਰੀ ਤਰਫ, ਮੁੱਠੀ-ਭਰ ਵੱਡੇ ਸਰਮਾਏਦਾਰਾਂ ਦੇ ਫਾਇਦੇ ਲਈ, ਲੋਕਾਂ ਨੂੰ ਇੱਕ-ਦੂਸਰੇ ਦੇ ਖਿਲਾਫ ਭੜਕਾਉਣ ਨੂੰ, ਇੱਕ ਜਾਇਜ ਰਾਜਨੀਤਕ ਸਰਗਰਮੀ ਮੰਨਿਆ ਜਾਂਦਾ ਹੈ।

1950 ਦੇ ਸੰਵਿਧਾਨ ਦੇ ਅਨੁਸਾਰ, ਕੇਂਦਰੀ ਪਾਰਲੀਮੈਂਟ ਦੀ ਮਰਜ਼ੀ ਨਾਲ, ਸੰਘ ਦੇ ਅੰਦਰ ਨਵੇਂ ਸੂਬੇ ਬਣਾਏ ਜਾ ਸਕਦੇ ਹਨ, ਮੌਜੂਦਾ ਸੂਬਿਆਂ ਦਾ ਬਟਵਾਰਾ ਕੀਤਾ ਜਾ ਸਕਦਾ ਹੈ। ਸਰਮਾਏਦਾਰ ਅਤੇ ਉਨ੍ਹਾਂ ਦੀਆਂ ਪਾਰਟੀਆਂ ਆਪਣੇ ਹਿੱਤਾਂ ਲਈ, ਵੱਖਰੇ ਸੂਬੇ ਬਣਾਉਣ ਦੀ ਮੰਗ ਲਈ ਵੱਖ-ਵੱਖ ਅੰਦੋਲਨਾਂ ਦੀ ਹਮਾਇਤ ਕਰਦੇ ਹਨ। ਮਿਸਾਲ ਦੇ ਤੌਰ ਤੇ, ਵੱਡੀਆਂ ਖਾਨ-ਖੋਦਾਈ ਅਤੇ ਇਸਪਾਤ ਕੰਪਨੀਆਂ ਨੇ, ਝਾਰਖੰਡ ਅਤੇ ਛਤੀਸਗੜ੍ਹ ਬਣਾਏ ਜਾਣ ਦਾ ਫਾਇਦਾ ਉਠਾਕੇ, ਵਧੇਰੇ ਅਸਾਨੀ ਨਾਲ, ਕੱਚੇ ਮਾਲ ਦੇ ਸ੍ਰੋਤਾਂ ਉੱਤੇ ਇਜਾਰੇਦਾਰੀ ਕਾਇਮ ਕਰ ਲਈ ਹੈ।

ਅੱਜ, ਸਰਮਾਏਦਾਰੀ ਦੇ ਵੱਖ-ਵੱਖ ਧੜੇ ਅਤੇ ਪਾਰਟੀਆਂ, ਹਿੰਦੋਸਤਾਨੀ ਸੰਘ ਅੰਦਰ ਇੱਕ ਨਵੇਂ ਸੂਬੇ ਬਤੌਰ ਤੇਲੰਗਾਨਾ ਬਣਾਉਣ ਦੇ ਪੱਖ 'ਚ ਜਾਂ ਵਿਰੋਧ 'ਚ ਲੜ ਰਹੀਆਂ ਹਨ। ਲੜਾਈ ਹੈਦਰਾਬਾਦ ਨੂੰ ਲੈਕੇ ਅਤੇ ਇਸ ਆਈ ਟੀ ਸ਼ਹਿਰ ਅੰਦਰ ਜ਼ਮੀਨ ਦੀਆਂ ਉੱਚੀਆਂ ਕੀਮਤਾਂ ਨੂੰ ਲੈਕੇ ਹੋ ਰਹੀ ਹੈ।

ਉਹ ਆਪਣੇ ਸੌੜੇ ਮੁਫਾਦ ਲਈ ਤੇਲੰਗਾਨਾ, ਰਿਯਾਲਸੀਮਾ ਅਤੇ ਤਟਵਰਤੀ ਆਂਧਰ ਪ੍ਰਦੇਸ਼ ਦੇ ਕਿਸਾਨਾਂ ਅਤੇ ਮਿਹਨਤਕਸ਼ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ।

ਸਰਮਾਏਦਾਰੀ, ਹਿੰਦੋਸਤਾਨੀ ਸੰਘ ਦੀ ਬਣਤਰ ਵਿੱਚ ਕਿਸੇ ਵੀ ਕਿਸਮ ਤਬਦੀਲੀ ਦੇ ਖਿਲਾਫ ਹੈ, ਕਿਉਂਕਿ ਉਹ ਆਪਣੇ ਵਰਤਮਾਨ ਰੁਤਬੇ ਨੂੰ ਕਮਜ਼ੋਰ ਨਹੀਂ ਹੋਣ ਦੇਣਾ ਚਾਹੁੰਦੀ ਅਤੇ ਆਪਣੇ ਕਬਜ਼ੇ ਹੇਠਲਾ ਕੋਈ ਵੀ ਇਲਾਕਾ ਗਵਾਉਣਾ ਨਹੀਂ ਚਾਹੁੰਦੀ। ਸਿਰਫ ਮਜਦੂਰ ਜਮਾਤ ਹੀ ਹਿੰਦੋਸਤਾਨੀ ਸੰਘ ਦਾ ਪੁਨਰਗਠਨ ਕਰਨ ਦੀ ਦਿਲਚਸਪੀ ਅਤੇ ਸਮਰੱਥਾ ਰੱਖਦੀ ਹੈ, ਤਾਂਕਿ ਸੱਭ ਲੋਕਾਂ ਦੀ ਉੱਨਤੀ ਦਾ ਰਾਹ ਖੋਲ੍ਹਿਆ ਜਾ ਸਕੇ।

60 ਵਰ੍ਹੇ ਪਹਿਲਾਂ, ਮਜਦੂਰ ਜਮਾਤ ਹਿੰਦੋਸਤਾਨੀ ਸਮਾਜ ਦੀ ਆਗੂ ਬਨਣ 'ਚ ਕਾਮਯਾਬ ਨਾ ਹੋ ਸਕੀ। ਮਜਦੂਰ ਜਮਾਤ ਅੰਦਰ ਵਾਸਾ ਕਰ ਰਹੀ ਸਮਰੱਥਾ ਨੂੰ ਉਨ੍ਹਾਂ ਪਾਰਟੀਆਂ ਨੇ ਤਾਲਾ-ਬੰਦ ਕਰ ਰੱਖਿਆ ਹੈ, ਜੋ ਖੁਦ ਨੂੰ ਕਮਿਉਨਿਸਟ ਅਖਵਾਉਂਦੀਆਂ ਹਨ, ਲੇਕਿਨ ਹਿੰਦੋਸਤਾਨੀ ਗਣਤੰਤਰ ਦੀ ਬਲੇ-ਬਲੇ ਕਰਨ 'ਚ ਸੱਭ ਤੋਂ ਮੋਹਰੇ ਹਨ। ਮਜਦੂਰਾਂ ਨੂੰ ਇੱਕ ਨਵੇਂ ਸੰਵਿਧਾਨ ਨਾਲ ਆਪਣਾ ਰਾਜ ਸਥਾਪਤ ਕਰਨ ਲਈ ਤਿਆਰ ਕਰਨ ਦੀ ਬਜਾਇ, ਇਹ ਨਕਲੀ ਕਮਿਉਨਿਸਟ ਪਾਰਟੀਆਂ ਉਨ੍ਹਾਂ ਨੂੰ 1950 ਦੇ ਸੰਵਿਧਾਨ ਦੀ ਪੂਜਾ ਕਰਨ ਦੀ ਸਿੱਖਿਆ ਦਿੰਦੀਆਂ ਹਨ। ਉਹ, ਹਿੰਦੋਸਤਾਨ ਦੀ ਸਾਮਰਾਜਵਾਦੀ ਸਰਮਾਏਦਾਰੀ ਦੇ "ਦੇਸ਼ ਦੀ ਏਕਤਾ ਅਤੇ ਅਖੰਡਤਾ" ਦੇ ਨਾਅਰੇ ਦੀ ਵੀ ਹਮਾਇਤ ਕਰਦੀਆਂ ਹਨ। ਕਮਿਉਨਿਸਟਾਂ ਨੂੰ ਲਾਜ਼ਮੀ ਹੀ ਅਜੇਹੀਆਂ ਜ਼ਾਅਲੀ ਕਮਿਉਨਿਸਟ ਪਾਰਟੀਆਂ ਦਾ ਪਾਜ ਉਘੇੜਨਾ ਚਾਹੀਦਾ ਹੈ, ਤਾਂਕਿ ਮਜਦੂਰ ਜਮਾਤ ਆਪਣੀ ਸਮਰੱਥਾ ਨੂੰ ਸਾਕਾਰ ਕਰ ਸਕੇ ਅਤੇ ਆਪਣੀ ਇਤਿਹਾਸਕ ਭੂਮਿਕਾ ਨਿਭਾ ਸਕੇ।

ਹਿੰਦੋਸਤਾਨੀ ਸੰਘ ਦੇ ਗਣਰਾਜ ਦੀ 60 ਵੀਂ ਵਰ੍ਹੇਗੰਢ ਦੇ ਮੌਕੇ ਤੇ, ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ, ਮਜਦੂਰ ਜਮਾਤ ਦੀਆਂ ਸੱਭ ਜਥੇਬੰਦੀਆਂ ਅਤੇ ਆਗੂਆਂ ਨੂੰ ਹੋਕਾ ਦਿੰਦੀ ਹੈ ਕਿ ਆਪਣੇ ਸਾਂਝੇ ਜਮਾਤੀ ਹਿਤਾਂ ਦੇ ਦੁਆਲੇ ਇੱਕਜੁਟ ਹੋ ਜਾਓ! ਆਓ, ਆਪਾਂ ਮਜਦੂਰ ਜਮਾਤ ਨੂੰ ਅਗਵਾਈ ਦੇਈਏ, ਤਾਂਕਿ ਇਹ ਹਿੰਦੋਸਤਾਨ ਦੇ ਸੱਭ ਲੋਕਾਂ ਨੂੰ ਇੱਕਜੁਟ ਕਰਕੇ ਅਗਵਾਈ ਦੇ ਸਕੇ, ਇੱਕ ਐਸਾ ਸਵੈ-ਇੱਛਪੂਰਕ ਸੰਘ ਸਥਾਪਤ ਕਰ ਸਕੇ, ਜਿਹਦੇ 'ਚ ਹਰੇਕ ਘਟਕ ਦੀ ਖੁਸ਼ਹਾਲੀ ਹੀ ਸੱਭ ਦੀ ਖੁਸ਼ਹਾਲੀ ਦੀ ਸ਼ਰਤ ਹੋਵੇਗੀ! ■

## ਸੈਨਕ ਸ਼ਕਤੀ...

**ਸਫਾ 4 ਦੀ ਬਾਕੀ**

ਸ੍ਰੀਲੰਕਾ ਵਿੱਚ ਫੌਜੀ ਦਖਲ-ਅੰਦਾਜ਼ੀ ਕੀਤੀ ਹੈ ਅਤੇ ਅੱਜ ਵੀ ਸ੍ਰੀਲੰਕਾ ਦੀ ਫੌਜ ਨੂੰ ਅੰਦਰੂਨੀ ਬਗਾਵਤਾਂ ਕੁਚਲਣ 'ਚ ਮੱਦਦ ਦੇ ਰਿਹਾ ਹੈ। ਇਸਨੇ ਮਾਲਦੀਵ, ਭੁਟਾਨ ਅਤੇ ਅਫਗਾਨਿਸਤਾਨ 'ਚ ਦਖਲ-ਅੰਦਾਜ਼ੀ ਕੀਤੀ ਹੈ। ਨੇਪਾਲੀ ਫੌਜ ਉੱਤੇ ਇਸਦਾ ਕੰਟਰੋਲ ਹੈ। ਹਿੰਦੋਸਤਾਨ ਦੇ ਫੌਜੀਕਰਣ ਦਾ ਇੱਕ ਉਦੇਸ਼ ਇਹ ਹੈ ਕਿ ਇਸ ਨੂੰ ਇੱਕ ਇਲਾਕਾਈ ਮਹਾਂ-ਸ਼ਕਤੀ ਮੰਨਿਆਂ ਜਾਵੇ ਅਤੇ ਇਸ ਖੇਤਰ ਦੇ ਸਾਰੇ ਦੇਸ਼ ਇਸਦੀ ਸਰਦਾਰੀ ਨੂੰ ਕਬੂਲ ਕਰ ਲੈਣ।

ਹਿੰਦੋਸਤਾਨੀ ਸਰਮਾਏਦਾਰੀ ਸਮੁੱਚੇ ਹਿੰਦ ਮਹਾਂਸਾਗਰ ਨੂੰ ਆਪਣੇ ਪ੍ਰਭਾਵ ਦਾ "ਕੁਦਰਤੀ" ਖੇਤਰ ਮੰਨਦੀ ਹੈ। ਇਹਦੇ 'ਚ ਮਲਾਕਾ ਦੇ ਜਲ-ਡਮਰੂਆਂ (ਸਿੰਘਾਪੁਰ/ਮਲੇਸ਼ੀਆ) ਤੋਂ ਲੈਕੇ ਅਦਨ ਦੀ ਖਾੜੀ ਤਕ ਦਾ ਇਲਾਕਾ ਅਤੇ ਬੰਗਾਲ ਦੀ ਖਾੜੀ ਅਤੇ ਅਰਬ ਸਾਗਰ ਸ਼ਾਮਲ ਹਨ। ਇਹ ਇੱਕ ਸ਼ਕਤੀਸ਼ਾਲੀ ਜਲ ਸੈਨਾ ਵਿਕਸਤ ਕਰ ਰਹੀ ਹੈ, ਜੋ ਨਾ ਸਿਰਫ ਆਪਣੇ ਸਮੁੰਦਰੀ ਤਟਾਂ ਦੀ ਰਖਵਾਲੀ ਕਰੇਗੀ, ਬਲਕਿ ਉਪਰ-ਲਿਖਤ ਸਮੁੱਚੇ ਇਲਾਕੇ ਤੇ ਪਹਿਰਾ ਰੱਖਣ ਦੀ ਵੀ ਕਾਬਲੀਅਤ ਰੱਖਦੀ ਹੋਵੇਗੀ। ਹਵਾਈ ਸ਼ਕਤੀ ਦੀ ਮੱਦਦ ਨਾਲ, ਇਹ ਇਸ ਸਮੁੰਦਰੀ ਇਲਾਕੇ ਉਤੇ ਆਪਣੀ ਤਾਕਤ ਦਾ ਵਿਖਾਵਾ ਕਰ ਰਹੀ ਹੈ, ਜਿਵੇਂ ਕਿ ਅਫਰੀਕਾ ਵਿੱਚ ਸ਼ੋਮਾਲੀਆ ਦੇ ਤਟ ਤੇ ਅਖੌਤੀ ਲੁਟੇਰੇ ਜਹਾਜ਼ਾਂ ਉਤੇ ਹਮਲੇ ਕਰਨਾ। ਇਨ੍ਹਾਂ ਹਮਲਿਆਂ ਦਾ ਮਕਸਦ ਹਿੰਦੋਸਤਾਨ ਲਈ ਤੇਲ ਅਤੇ ਗੈਸ ਦੀ ਸਪਲਾਈ ਦੇ ਰਸਤਿਆਂ ਦੀ ਰਖਵਾਲੀ ਕਰਨਾ ਹੈ।

ਹਿੰਦੋਸਤਾਨੀ ਸਰਮਾਏਦਾਰੀ ਅਫਗਾਨਿਸਤਾਨ, ਇਰਾਨ, ਵੀਤਨਾਮ, ਸੁਡਾਨ, ਮਿਯਾਂਮਾਰ, ਕੁੱਝ ਕੇਂਦਰੀ ਏਸ਼ੀਆਈ ਦੇਸ਼ਾਂ ਵਿੱਚ ਅਤੇ ਅਫਰੀਕਾ ਦੇ ਕੁੱਝ ਦੇਸ਼ਾਂ ਵਿੱਚ ਵੀ ਰਣਨੀਤਕ ਪੂੰਜੀ ਨਿਵੇਸ਼ ਕਰ ਰਹੀ ਹੈ। ਇਹ ਹਿੰਦੋਸਤਾਨ ਤੋਂ ਵੀਤਨਾਮ ਤਕ, ਆਸਿਆਨ ਦੇਸ਼ਾਂ, ਰਾਹੀ ਸੜਕਾਂ ਅਤੇ ਰੇਲਾਂ ਵਿਛਾਉਣ ਦੀ ਯੋਜਨਾ ਬਣਾ ਰਹੀ ਹੈ। ਇਹ ਦੱਖਣ ਪੂਰਬੀ ਏਸ਼ੀਆ ਵਿੱਚ ਚੀਨ ਨਾਲ ਸਿੱਧੇ ਤੌਰ ਤੇ ਭਿੜ ਰਹੀ ਹੈ। ਅਫਗਾਨਿਸਤਾਨ ਵਿੱਚ ਇਹ ਪਾਕਿਸਤਾਨ ਨਾਲ ਭਿੜ ਰਹੀ ਹੈ। ਫੌਜੀਕਰਣ ਦਾ ਇੱਕ ਉਦੇਸ਼, ਇਨ੍ਹਾਂ ਰਣਨੀਤਕ ਨਿਵੇਸ਼ਾਂ ਦੀ ਰਖਵਾਲੀ ਕਰਨਾ ਵੀ ਹੈ।

ਸਮੁੱਚੇ ਤੌਰ ਤੇ, ਹਿੰਦੋਸਤਾਨੀ ਸਰਮਾਏਦਾਰੀ ਇੱਕ ਵਿਸ਼ਵ ਪੱਧਰੀ ਸਾਮਰਾਜਵਾਦੀ ਸ਼ਕਤੀ ਬਣਨ ਦੇ ਰਾਹ ਉੱਤੇ ਤਾਬੜ-ਤੋੜ ਚੱਲ ਰਹੀ ਹੈ। ਏਸ਼ੀਆ, ਖਾਸਕਰ ਦੱਖਣ ਏਸ਼ੀਆ, ਪੂਰਬੀ ਏਸ਼ੀਆ ਅਤੇ ਦੱਖਣ-ਪੂਰਬੀ ਏਸ਼ੀਆ, ਵਿਸ਼ਵ ਦੀਆਂ ਸੱਭ ਤੋਂ ਤੇਜ਼ੀ ਨਾਲ ਵਧ ਰਹੀਆਂ ਆਰਥਕਤਾਵਾਂ ਹਨ। ਪੱਛਮੀ ਏਸ਼ੀਆ, ਕੇਂਦਰੀ ਏਸ਼ੀਆ ਅਤੇ ਅਫਰੀਕਾ ਤੇਲ, ਗੈਸ ਅਤੇ ਹੋਰ ਕੁਦਰਤੀ ਸਾਧਨਾਂ ਨਾਲ ਭਰਪੂਰ ਹਨ। ਵੱਡੀਆਂ ਸਾਮਰਾਜਵਾਦੀ ਸ਼ਕਤੀਆਂ — ਅਮਰੀਕਾ, ਯੂਰਪੀਨ ਸ਼ਕਤੀਆਂ, ਰੂਸ, ਚੀਨ, ਹਿੰਦੋਸਤਾਨ, ਆਦਿ — ਵੱਖ-ਵੱਖ ਇਲਾਕਿਆਂ ਅੰਦਰ ਆਪਣੇ ਸਾਮਰਾਜਵਾਦੀ ਹਿੱਤਾਂ ਨੂੰ ਅੱਗੇ ਵਧਾਉਣ ਲਈ ਆਪਸ 'ਚ ਸਹਿਯੋਗ ਕਰ ਰਹੀਆਂ ਹਨ ਅਤੇ ਭਿੜ ਵੀ ਰਹੀਆਂ ਹਨ।

ਅਮਰੀਕਾ ਐਸ ਵਕਤ ਚੀਨ ਨੂੰ ਆਪਣਾ ਮੁੱਖ ਵਿਰੋਧੀ ਸਮਝਦਾ ਹੈ ਅਤੇ ਉਸਨੂੰ ਘੇਰਨ ਦੇ ਯਤਨ ਕਰ ਰਿਹਾ ਹੈ। ਹਿੰਦੋਸਤਾਨ ਅਤੇ ਚੀਨ ਦੱਖਣ ਪੂਰਬੀ ਏਸ਼ੀਆ ਅਤੇ ਕੁੱਝ ਹੋਰ ਦੇਸ਼ਾਂ ਅੰਦਰ ਆਪਸ 'ਚ ਭਿੜ ਰਹੇ ਹਨ। ਪਾਕਿਸਤਾਨ ਅਤੇ ਚੀਨ ਦੀ ਸਾਂਝ ਨੂੰ ਹਿੰਦੋਸਤਾਨ ਆਪਣੇ ਸਾਮਰਾਜਵਾਦੀ ਰਸਤੇ ਦਾ ਰੋੜਾ ਸਮਝਦਾ ਹੈ। ਚੀਨ ਮੁਤੱਲਕ ਹਿੰਦੋਸਤਾਨ ਅਤੇ ਅਮਰੀਕਾ ਦੇ ਹਿੱਤ ਮੇਲ ਖਾਂਦੇ ਹਨ।

ਦੁਨੀਆਂ ਦੇ ਬਟਵਾਰੇ ਲਈ ਅੰਤਰ-ਸਾਮਰਾਜਵਾਦੀ ਭੇੜ ਵਿੱਚ, ਹਿੰਦੋਸਤਾਨ ਅਤੇ ਚੀਨ ਅਜੇ ਨਵੇਂ ਦਾਖਲ ਹੋਏ ਹਨ। ਐਪਰ, ਕਿਉਂਕਿ ਪੁਰਾਣੀਆਂ ਸਾਮਰਾਜਵਾਦੀ ਸ਼ਕਤੀਆਂ ਦੇ ਮੁਕਾਬਲੇ ਇਨ੍ਹਾਂ ਦੀਆਂ ਆਰਥਕਤਾਵਾਂ ਤੇਜ਼ੀ ਨਾਲ ਵਿਕਸਤ ਹੋ ਰਹੀਆਂ ਹਨ, ਇਸ ਲਈ ਇਹ ਦੁਨੀਆਂ ਵਿੱਚ ਆਪਣਾ ਹਿੱਸਾ ਬਨਾਉਣ ਲਈ ਤੇਜ਼ੀ ਨਾਲ ਫੌਜੀਕਰਣ ਕਰ ਰਹੇ ਹਨ। ਨਾਲੋ-ਨਾਲ, ਆਰਥਕ ਅਤੇ ਫੌਜੀ ਤਾਕਤ ਪੱਖੋਂ ਦੁਨੀਆਂ ਦੀ ਸੱਭ ਤੋਂ ਵੱਡੀ ਸਾਮਰਾਜਵਾਦੀ ਸ਼ਕਤੀ, ਅਮਰੀਕਾ ਦੂਸਰੇ ਦੇਸ਼ਾਂ ਉਤੇ ਆਪਣੀ ਸਰਦਾਰੀ ਨੂੰ ਫੌਜੀ ਤਾਕਤ ਨਾਲ ਬਚਾਉਣ ਲਈ ਬਜ਼ਿਦ ਹੈ। ਸਰਦ ਜੰਗ ਦੇ ਖਾਤਮੇ ਤੋਂ ਬਾਅਦ ਵੱਖ-ਵੱਖ ਸਾਮਰਾਜਵਾਦੀ ਸ਼ਕਤੀਆਂ ਦੀਆਂ ਮੁਕਾਬਲਤਨ ਆਰਥਕ ਤਾਕਤਾਂ ਵਿਚ ਤਬਦੀਲੀ ਹੋ ਗਈ ਹੈ। ਇਸ ਹਾਲਤ ਵਿੱਚ ਵਰਤਮਾਨ ਵਕਤ ਨੂੰ ਅੰਤਰ-ਸਾਮਰਾਜੀ ਭੇੜਾਂ ਦਾ "ਪੁਰਅਮਨ" ਅਰਸਾ ਕਿਹਾ ਜਾ ਰਿਹਾ ਹੈ। ਲੇਕਿਨ ਕਿਉਂਕਿ ਅਮਰੀਕਾ, ਕਈ ਹੋਰ ਤਾਕਤਾਂ ਨਾਲ ਮਿਲਕੇ, ਪੂਰਬੀ ਯੂਰਪ ਅਤੇ ਪੱਛਮੀ ਏਸ਼ੀਆ ਵਿੱਚ ਰਣਨੀਤਕ ਬਣਤਰ ਨੂੰ ਫੌਜੀ ਤੌਰ ਤੇ ਬਦਲ ਰਿਹਾ ਹੈ, ਇਸ ਲਈ ਇਹ ਖੁੱਲ੍ਹੀਆਂ ਅੰਤਰ-ਸਾਮਰਾਜਵਾਦੀ ਜੰਗਾਂ ਦਾ ਅਰਸਾ ਬਣ ਸਕਦਾ ਹੈ। ਹਿੰਦੋਸਤਾਨ ਦਾ ਫੌਜੀਕਰਣ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਹਿੰਦੋਸਤਾਨੀ ਸਰਮਾਏਦਾਰੀ ਆਪਣੇ ਉਦੇਸ਼ ਹਾਸਲ ਕਰਨ ਲਈ ਅਤੇ ਅੰਤਰ-ਸਾਮਰਾਜਵਾਦੀ ਜੰਗਾਂ 'ਚ ਸ਼ਾਮਲ ਹੋਣ ਲਈ ਹੀ ਜੰਗੀ ਤਿਆਰੀਆਂ ਕਰ ਰਹੀ ਹੈ।

ਸਾਮਰਾਜਵਾਦੀ ਉਦੇਸ਼ਾਂ ਲਈ ਹਿੰਦੋਸਤਾਨ ਦਾ ਫੌਜੀਕਰਣ ਸਾਡੇ ਮਜਦੂਰਾਂ ਅਤੇ ਕਿਸਾਨਾਂ ਦੇ ਹਿੱਤਾਂ ਦੇ ਖਿਲਾਫ ਹੈ। ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਆਪਣੇ ਦੇਸ਼ ਦੇ ਅਤੇ ਹੋਰ ਦੇਸ਼ਾਂ ਦੇ ਮਜਦੂਰਾਂ, ਕਿਸਾਨਾਂ ਅਤੇ ਦੱਬੇ-ਕੁਚਲੇ ਲੋਕਾਂ ਦੇ ਸੰਘਰਸ਼ਾਂ ਨੂੰ ਕੁਚਲਣਾ ਹੀ ਇਸ ਫੌਜੀਕਰਣ ਦਾ ਮੁੱਖ ਮਕਸਦ ਹੈ। ਇਸਦੇ ਨਾਲੋ-ਨਾਲ ਅੰਤਰ-ਸਾਮਰਾਜਵਾਦੀ ਜੰਗਾਂ, ਸਾਡੇ ਲੋਕਾਂ ਲਈ ਅਤੇ ਹੋਰ ਦੇਸ਼ਾਂ ਦੇ ਲੋਕਾਂ ਲਈ ਭਾਰੀ ਤਬਾਹੀ ਲਿਆਉਣਗੀਆਂ। ਕਮਿਉਨਿਸਟਾਂ ਅਤੇ ਸੱਭ ਮਜਦੂਰਾਂ ਤੇ ਮਿਹਨਤਕਸ਼ਾਂ ਨੂੰ ਫੌਜੀਕਰਣ ਅਤੇ ਜੰਗ ਦੀਆਂ ਤਿਆਰੀਆਂ ਦਾ ਡਟਕੇ ਵਿਰੋਧ ਕਰਨਾ ਚਾਹੀਦਾ ਹੈ। ■

# ਲੋਕ ਰਾਜ ਸੰਗਠਨ ਨੇ ਆਉਂਦੇ ਸਮੇਂ ਲਈ ਕਾਰਜ ਨਿਰਧਾਰਤ ਕੀਤੇ

ਲੋਕ ਰਾਜ ਸੰਗਠਨ ਦੀ ਨਵੀਂ ਚੁਣੀ ਗਈ ਸਰਬ ਹਿੰਦ ਪਰਿਸ਼ਦ ਦੀ ਪਹਿਲੀ ਬੈਠਕ 17 ਜਨਵਰੀ 2010 ਨੂੰ ਦਿੱਲੀ ’ਚ ਕੀਤੀ ਗਈ। ਇਹ ਇਕ ਅਹਿਮ ਬੈਠਕ ਸੀ, ਕਿਉਂਕਿ ਕਈ ਮਹੱਤਵਪੂਰਣ ਵਿਸ਼ਿਆਂ ’ਤੇ ਇਥੇ ਵਿਚਾਰ-ਚਰਚਾ ਕੀਤੀ ਗਈ ਤੇ ਅਹਿਮ ਫ਼ੈਸਲੇ ਲਏ ਗਏ।

ਕੜਾਕੇ ਦੀ ਠੰਢ ਦੇ ਬਾਵਜੂਦ ਚੰਗੀ ਸੰਖਿਆ ’ਚ ਮੈਂਬਰ ਮੌਜੂਦ ਸਨ ਤੇ ਉਨ੍ਹਾਂ ਨੇ ਹੇਠ ਲਿਖੇ ਵਿਸ਼ਿਆਂ ਬਾਰੇ ਚਰਚਾ ’ਚ ਭਾਗ ਲਿਆ:

1. ਸਰਬ ਹਿੰਦ ਸੰਮੇਲਨ ਤੋਂ ਹੁਣ ਤੱਕ ਦੇ ਸਰਬ ਹਿੰਦ ਪਰਿਸ਼ਦ ਦੇ ਕੰਮ ਦੀ ਰਿਪੋਰਟ ਅਤੇ ਉਸ ਤੇ ਚਰਚਾ
2. ਸੰਗਠਨ ਦਾ ਨਿਰਮਾਣ
   - ਮੈਂਬਰਸ਼ਿਪ ਮੁਹਿੰਮ ਤੇ ਚੰਦਾ ਇਕੱਠਾ ਕਰਨਾ
   - ਖੇਤਰੀ ਪਰਿਸ਼ਦਾਂ ਨੂੰ ਮਜ਼ਬੂਤ ਕਰਨਾ
   - ਖੇਤਰੀ ਸੰਮੇਲਨ -- ਇਨ੍ਹਾਂ ਦੀ ਯੋਜਨਾ ਤੇ ਮਹੱਤਤਾ
3. ਅੰਤਰਰਾਸ਼ਟਰੀ ਮਹਿਲਾ ਦਿਵਸ ਦੀ ਸ਼ਤਾਬਦੀ --ਮਹੱਤਤਾ ਅਤੇ ਪ੍ਰਸਤਾਵ
4. ਹਿੰਦੁਸਤਾਨੀ ਗਣਤੰਤਰ ਦੇ 60 ਵਰ੍ਹੇ -- ਮੁੱਠੀਭਰ ਪੂੰਜੀਪਤੀਆਂ ਦੇ ਰਾਜ ਲਈ ਨਹੀਂ, ਬਲਕਿ ਲੋਕ ਰਾਜ ਸਥਾਪਤ ਕਰਨ ਲਈ, ਇਸ ਗਣਤੰਤਰ ਨੂੰ ਨਵਿਆਉਣ ਦੀ ਜ਼ਰੂਰਤ ਦੇ ਮੁੱਦੇ ਬਾਰੇ ਹਿੰਦੁਸਤਾਨੀ ਲੋਕਾਂ ਨੂੰ ਚਰਚਾ ’ਚ ਸ਼ਾਮਿਲ ਕਰਨ ਦਾ ਲੋਕ ਰਾਜ ਸੰਗਠਨ ਦਾ ਕੰਮ
   - ਲੋਕਾਂ ਦੇ ਸਮੂਹ ਦੀ ਆਜ਼ਾਦੀ, ਰਾਜਾਂ ਦਾ ਪੁਨਰਗਠਨ, ਆਦਿ -- ਹਿੰਦੁਸਤਾਨੀ ਸੰਘ ਦਾ ਪੁਨਰਗਠਨ।
   - ਜਨ ਪ੍ਰਤਿਨਿਧਿਤਵ ਕਾਨੂੰਨ --ਅਸਲ ’ਚ ਫੈਸਲੇ ਲੈਣ ’ਚ ਲੋਕਾਂ ਦੀ ਨਿਰਣਾਇਕ ਭੂਮਿਕਾ ਲਈ ਪ੍ਰਤੱਖ ਲੋਕਤੰਤਰ।
   - ਕਨੂੰਨ ਤੇ ਨਿਆਵਿਵਸਥਾ --ਬਸਤੀਵਾਦੀ ਵਿਰਾਸਤ ਨੂੰ ਖਤਮ ਕਰਕੇ ਇਕ ਇਸ ਤਰ੍ਹਾਂ ਦੇ ਕਾਨੂੰਨ ਤੇ ਨਿਆਵਿਵਸਥਾ ਦਾ ਬਦਲਾਅ ਕਰਨ ਦੀ ਜ਼ਰੂਰਤ, ਜਿਸ ’ਚ ਕਾਨੂੰਨ ਤੇ ਨਿਆਂ ਤੈਅ ਕਰਨ ਦੀ ਤਾਕਤ ਲੋਕਾਂ ਕੋਲ ਹੋਵੇ ਤੇ ਲੋਕ ਇਸ ’ਤੇ ਨਿਯੰਤਰਣ ਰੱਖਣ।
5. ਸੰਸਦ ’ਚ ਆਉਣ ਵਾਲੇ ਬਿੱਲ -- ਇਨ੍ਹਾਂ ਬਾਰੇ ਲੋਕ ਰਾਜ ਸੰਗਠਨ ਦੀ ਪ੍ਰਤੀਕਿਰਿਆ
   - ਜ਼ਮੀਨ ਦਾ ਅਕਵਾਇਰੀਕਰਣ ਅਤੇ ਰਾਹਤ ਤੇ ਪੁਨਰਵਾਸ ਕਾਨੂੰਨ
   - ਸੰਪਰਦਾਇਕ ਹਿੰਸਾ ਕਾਨੂੰਨ
   - ਮਹਿਲਾ ਆਰਕਸ਼ਣ ਕਾਨੂੰਨ
6. ਕੰਮ ਦੀ ਯੋਜਨਾ ਤੇ ਪ੍ਰਸਤਾਵ

ਸਕੱਤਰ ਦੀ ਰਿਪੋਰਟ ਨੂੰ ਸਰਬ ਹਿੰਦ ਪਰਿਸ਼ਦ ਦੇ ਮੈਂਬਰਾਂ ਦੇ ਯੋਗਦਾਨ ਨਾਲ ਹੋਰ ਵੀ ਸੰਪੂਰਣ ਕੀਤਾ ਗਿਆ। ਲੋਕਰਾਜ ਸੰਗਠਨ ਦੇ ਨਵੰਬਰ ਦੇ ਸੰਮੇਲਨ ਤੋਂ ਪ੍ਰੋਤਸਾਹਿਤ ਹੋ ਕੇ ਅਲਗ-ਅਲਗ ਇਲਾਕਿਆਂ ’ਚ ਮੈਂਬਰਾਂ ਦੀ ਸੰਖਿਆ ’ਚ ਵਾਧਾ ਕੀਤਾ ਗਿਆ।

7-8 ਨਵੰਬਰ 2009 ਦੇ ਸਰਬ ਹਿੰਦ ਸੰਮੇਲਨ ਦੇ ਫੈਸਲੇ ਅਨੁਸਾਰ ਮਹਾਰਾਸ਼ਟਰ ’ਚ 6 ਦਸੰਬਰ2009 ਨੂੰ ਖੇਤਰੀ ਸੰਮੇਲਨ ਕੀਤਾ ਗਿਆ ਤੇ ਇਕ ਨਵੀਂ ਖੇਤਰੀ ਪਰਿਸ਼ਦ ਨੂੰ ਚੁਣਿਆ ਗਿਆ। ਇਸ ਇਲਾਕੇ ’ਚ ਨਿਯਮਿਤ ਤੌਰ ’ਤੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

ਰਾਜਸਥਾਨ ਤੇ ਮਹਾਰਾਸ਼ਟਰ ’ਚ ਮੈਂਬਰਸ਼ਿਪ ਦੀ ਮੁਹਿੰਮ ਨੂੰ ਜ਼ੋਰ ਸ਼ੋਰ ਨਾਲ ਚਲਾਇਆ ਗਿਆ। ਜਿਨ੍ਹਾਂ ਵੀ ਖੇਤਰਾਂ ’ਚ ਲੋਕ ਰਾਜ ਸੰਗਠਨ ਕਾਰਜਸ਼ੀਲ ਹੈ, ਉਨ੍ਹਾਂ ਜ਼ਿਆਦਾਤਰ ਥਾਵਾਂ ਦੀਆਂ ਪਰਿਸ਼ਦਾਂ ਨੇ ਵੀ ਇਸ ਕੰਮ ਨੂੰ ਚੁੱਕਿਆ।

ਅਲਗ-ਅਲਗ ਇਲਾਕਿਆਂ ’ਚ ਮਹਿੰਗਾਈ ਬਾਰੇ ਹਾਕਮਾਂ ਦੇ ਨਿਰਦਈ ਰੁਖ਼ ਦੇ ਖਿਲਾਫ਼ ਜਨ ਮੁਹਿੰਮਾਂ ਚਲਾਈਆਂ ਗਈਆਂ। ਇਸ ਮੁੱਦੇ ’ਤੇ ਬਿਆਨ ਤੇ ਪਰਚੇ ਕੱਢੇ ਜਾਣ ਦਾ ਤੇ ਉਨ੍ਹਾਂ ਨੂੰ ਵਿਆਪਕ ਤੌਰ ’ਤੇ ਵੰਡਣ ਦਾ ਨਿਰਣਾ ਲਿਆ ਗਿਆ। ਮਹਾਰਾਸ਼ਟਰ ਸਰਕਾਰ ਵੱਲੋਂ ਸ਼ਰਾਬ ਬਨਾਉਣ ਲਈ ਖਾਣ ਵਾਲੇ ਪਦਾਰਥਾਂ ਦਾ ਇਸਤੇਮਾਲ ਕਰਨ ਦੇ ਬਾਰੇ ’ਚ ਫ਼ੈਸਲਾ ਲਿਆ ਗਿਆ ਕਿ ਇਸ ਦਾ ਵਿਸ਼ਲੇਸ਼ਣ ਕਰਨਾ ਤੇ ਇਕ ਰਾਜਨੀਤਕ ਰਵੱਈਆ ਤੈਅ ਕਰਨਾ ਜ਼ਰੂਰੀ ਹੈ ਤਾਕਿ ਸਰਕਾਰ ਦੀ ਲੋਕ-ਵਿਰੋਧੀ ਯੋਜਨਾ ਦੇ ਖਿਲਾਫ਼ ਲੋਕਾਂ ਦੀ ਏਕਤਾ ਬਣਾਈ ਜਾ ਸਕੇ।

ਸਾਰੇ ਪਾਸਿਓਂ, ਪ੍ਰਸਤਾਵ ਸੀ ਕਿ ਸਰਬ ਹਿੰਦ ਪਰਿਸ਼ਦ ਦੀ 3 ਮਹੀਨੇ ਬਾਅਦ ਹੋਣ ਵਾਲੀ ਅਗਲੀ ਸਭਾ ਤੱਕ ਅਲਗ-ਅਲਗ ਇਲਾਕਿਆਂ ’ਚ ਜ਼ਿਆਦਾ ਤੋਂ ਜ਼ਿਆਦਾ ਨਵੇਂ ਮੈਂਬਰ ਬਣਾਏ ਜਾਣ ਤੇ ਇਸ ਲਈ ਹਰ ਇਲਾਕੇ ’ਚ ਟੀਚੇ ਤੈਅ ਕੀਤੇ ਜਾਣ।

ਜਿਨ੍ਹਾਂ ਇਲਾਕਿਆਂ ’ਚ ਨਵੰਬਰ 2009 ਦੇ ਸਰਬ ਹਿੰਦ ਸੰਮੇਲਨ ਦੇ ਬਾਅਦ ਖੇਤਰੀ ਸੰਮੇਲਨ ਨਹੀਂ ਹੋਏ ਹਨ, ਸਰਬ ਹਿੰਦ ਪਰਿਸ਼ਦ ਨੇ ਉਨ੍ਹਾਂ ਇਲਾਕਿਆਂ ਦੀਆਂ ਪਰਿਸ਼ਦਾਂ ਨੂੰ ਬੁਲਾਵਾ ਦਿੱਤਾ ਕਿ ਉਥੇ ਜਲਦੀ ਤੋਂ ਜਲਦੀ ਫਰਵਰੀ ਦੇ ਅੰਤ ਤੱਕ ਖੇਤਰੀ ਸੰਮੇਲਨ ਕੀਤੇ ਜਾਣ। ਇਨ੍ਹਾਂ ਸੰਮੇਲਨਾਂ ਨੂੰ ਕਰਵਾਉਣ ਸਮੇਂ ਵਿਸਤ੍ਰਿਤ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ ਤੇ ਜਨ ਮੈਂਬਰਸ਼ਿਪ ਮੁਹਿੰਮ ਨੂੰ ਚਲਾਉਣਾ ਚਾਹੀਦਾ ਹੈ। ਨਾਲ ਹੀ ਆਉਣ ਵਾਲੇ ਸਮੇਂ ਲਈ ਕੰਮਾਂ ਦੀ ਯੋਜਨਾ ਤੈਅ ਕਰਨੀ ਚਾਹੀਦੀ ਹੈ। ਸਰਬ ਹਿੰਦ ਪਰਿਸ਼ਦ ਦਾ ਪ੍ਰਸਤਾਵ ਸੀ ਕਿ ਹਰ 6 ਮਹੀਨੇ ’ਚ ਹਰ ਖੇਤਰੀ ਪਰਿਸ਼ਦ ਨੂੰ ਜਨ ਮੈਂਬਰਿਸ਼ਪ ਮੁਹਿੰਮ ਚਲਾ ਕੇ ਖੇਤਰੀ ਸੰਮੇਲਨ ਬੁਲਾਉਣਾ ਚਾਹੀਦਾ ਹੈ ਤਾਂਕਿ ਮੈਂਬਰਾਂ ਨਾਲ ਨਜ਼ਦੀਕੀ ਨਾਲ ਜੁੜੀ ਸੰਗਠਨ ਦੀ ਮਜ਼ਬੂਤ ਬੁਨਿਆਦ ਬਣਾਈ ਜਾ ਸਕੇ।

ਸਕੱਤਰ ਨੇ ਜ਼ੋਰ ਦਿੱਤਾ ਕਿ ਲੋਕ ਰਾਜ ਸੰਗਠਨ ਦੀ ਮੈਂਬਰਸ਼ਿਪ ਦਾ ਕੰਮ, ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਤੇ ਹਿਤ ਦੀ ਸੁਰੱਖਿਆ ਲਈ ਸੰਗਠਤ ਕਰਨ ਦੇ ਕੰਮ ਦੇ ਨਾਲ ਨਜ਼ਦੀਕੀ ਨਾਲ ਜੁੜਿਆ ਹੋਣਾ ਚਾਹੀਦਾ ਹੈ। ਇਸ ਨੂੰ ਲੋਕਾਂ ਦੇ ਰੋਜ਼ਾਨਾ ਦੇ ਸੰਘਰਸ਼ਾਂ ਨਾਲ ਭਾਗ ਲੈਂਦੇ ਹੋਏ ਤੇ ਲੋਕਾਂ ਦੀ ਨਬਜ਼ ਨੂੰ ਠੀਕ ਨਾਲ ਸਮਝ ਕੇ ਕਰਨਾ ਚਾਹੀਦਾ ਹੈ। ਨਾਲ ਦੇ ਨਾਲ ਸਾਨੂੰ ਲੋਕ ਰਾਜ ਨੂੰ ਵਾਸਤਵਿਕ ਬਨਾਉਣ ਲਈ ਜ਼ਰੂਰੀ ਮੁੱਢਲੇ ਸੰਸਥਾਨਾਂ ਦੇ ਵਿਸ਼ੇ ’ਤੇ ਵਿਚਾਰ-ਚਰਚਾਵਾਂ ਕਰਵਾਉਣੀਆਂ ਚਾਹੀਦੀਆਂ ਹਨ।

ਦੂਸਰਾ ਇਕ ਮਹੱਤਵਪੂਰਣ ਮੁੱਦਾ, ਜੋ ਚੁੱਕਿਆ ਗਿਆ ਤੇ ਜਿਸ ’ਤੇ ਚਰਚਾ ਕੀਤੀ ਗਈ, ਉਹ ਸੀ ਅੰਤਰਰਾਸ਼ਟਰੀ ਮਹਿਲਾ ਦਿਵਸ ਦੀ ਸ਼ਤਾਬਦੀ ਮਨਾਉਣਾ। ਇਸ ਮੁੱਦੇ ’ਤੇ ਇਕ ਪੇਸ਼ਕਾਰੀ ਕੀਤੀ ਗਈ ਜਿਸ ’ਚ ਲੋਕ ਰਾਜ ਲਈ, ਲੋਕ ਰਾਜ ਸੰਗਠਨ ਦੇ ਝੰਡੇ ਹੇਠਾਂ ਔਰਤਾਂ ਨੂੰ ਸੰਗਠਤ ਕਰਨ ਦੀ ਅਹਿਮਿਅਤ ’ਤੇ ਜ਼ੋਰ ਦਿੱਤਾ ਗਿਆ। ਅੱਜ ਅਸੀਂ ਦੇਖਦੇ ਹਾਂ ਕਿ ਮਜ਼ਦੂਰ ਵਰਗ ਤੇ ਪੇਂਡੂ ਤੇ ਸ਼ਹਿਰੀ ਗਰੀਬਾਂ ’ਚੋਂ ਆਈਆਂ, ਵੱਡੀ ਸੰਖਿਆ ’ਚ ਔਰਤਾਂ ਤੇ ਕੁੜੀਆਂ ਸਿੱਖਿਆ ਤੇ ਉਤਪਾਦਨ ਤੇ ਸੇਵਾਵਾਂ ਦੇ ਕੰਮ ਕਰ ਰਹੀਆਂ ਹਨ। ਸਾਨੂੰ ਨਵੀਂ ਪੀੜ੍ਹੀ ਦੀਆਂ ਇਨ੍ਹਾਂ ਮਿਹਨਤਕਸ਼ ਔਰਤਾਂ ’ਤੇ ਧਿਆਨ ਦੇਣਾ ਹੋਵੇਗਾ ਤਾਂਕਿ ਉਨ੍ਹਾਂ ਨੂੰ ਮਹਿਲਾ ਸ਼ੋਸ਼ਣ ਤੇ ਅਨਿਆਂ ਦੇ ਖਿਲਾਫ਼ ਅੰਦੋਲਨ ਲਈ ਲਾਮਬੰਦ ਕੀਤਾ ਜਾ ਸਕੇ --ਔਰਤਾਂ ਦੇ ਸੰਘਰਸ਼ ਨੂੰ ਲੋਕ ਰਾਜ ਦੇ ਸੰਘਰਸ਼ ਦੇ ਨਾਲ ਜੋੜਿਆ ਜਾ ਸਕੇ।

ਇਸ ਵਰ੍ਹੇ ਦੇ ਅੰਤਰਰਾਸ਼ਟਰੀ ਮਹਿਲਾ ਦਿਵਸ ਲਈ ਸਰਬ ਹਿੰਦ ਪਰਿਸ਼ਦ ਨੇ ਅਨੇਕਾਂ ਪ੍ਰਸਤਾਵਾਂ ’ਤੇ ਚਰਚਾ ਕੀਤੀ। ਇਹ ਪ੍ਰਸਤਾਵ ਪਾਸ ਕੀਤਾ ਗਿਆ ਕਿ ਇਸ ਵਰ੍ਹੇ ਅਲਗ-ਅਲਗ ਖੇਤਰਾਂ ਦੀਆਂ ਪਰਿਸ਼ਦਾਂ ਆਪਣੇ-ਆਪਣੇ ਇਲਾਕਿਆਂ ’ਚ ਇਸ ਦਿਨ ਨੂੰ ਮਨਾਉਣ ਦੀਆਂ ਯੋਜਨਾਵਾਂ ਬਨਾਉਣ।

ਹਿੰਦੁਸਤਾਨੀ ਗਣਤੰਤਰ ਦੇ ਅਤੇ ਇਸ ਗਣਤੰਤਰ ਦੀ ਪਰਿਭਾਸ਼ਾ ਦੇਣ ਵਾਲੇ ਸੰਵਿਧਾਨ ਦੇ 60ਵੇਂ ਵਰ੍ਹੇ ਹੋਣ ਦੇ ਨਾਤੇ, ਇਹ ਇਕ ਉਪਯੁਕਤ ਵਕਤ ਹੈ, ਜਦ ਇਸ ਗਣਤੰਤਰ ਦੀਆਂ ਅਲਗ-ਅਲਗ ਤਰੁਟੀਆਂ ਬਾਰੇ ਚਰਚਾ ਕਰੀਏ। ਖਾਸ ਤੌਰ ’ਤੇ ਸਾਨੂੰ ਗਣਤੰਤਰ ਦੇ ਗਠਨ ਦੇ ਉਨ੍ਹਾਂ ਪਹਿਲੂਆਂ ’ਤੇ ਗੌਰ ਕਰਨਾ ਚਾਹੀਦਾ

ਹੈ ਜਿਨ੍ਹਾਂ ਦੀ ਵਜ੍ਹਾ ਨਾਲ ਲੋਕਾਂ ਨੂੰ ਫ਼ੈਸਲਾ ਲੈਣ ਤੇ ਆਪਣੇ ਭਵਿੱਖ ਦੀ ਵਾਗਡੋਰ ਆਪਣੇ ਹੱਥਾਂ 'ਚ ਲੈਣ ਤੋਂ ਵਾਂਝਿਆ ਰੱਖਿਆ ਜਾਂਦਾ ਹੈ।

ਸਾਨੂੰ ਕਿਸ ਤਰ੍ਹਾਂ ਦਾ ਸੰਘ ਚਾਹੀਦਾ ਹੈ? ਕੀ ਉਹ ਅਲਗ-ਅਲਗ ਰਾਸ਼ਟਰਾਂ, ਰਾਸ਼ਟਰੀਅਤਾਵਾਂ ਤੇ ਲੋਕਾਂ ਦੀ ਆਪਣੀ ਇੱਛਾ ਨਾਲ ਬਣਿਆ ਸੰਘ ਨਹੀਂ ਹੋਣਾ ਚਾਹੀਦਾ? ਮੌਜੂਦਾ ਸੰਘ ਦੇ ਗਠਨ ਦੇ ਵਿਰੋਧ 'ਚ ਅਲਗ ਅਲਗ ਪ੍ਰਦਰਸ਼ਨਾਂ, ਮੰਗਾਂ ਤੇ ਕੇਂਦਰ ਸਰਕਾਰ ਤੇ ਅਲਗ ਅਲਗ ਵਿਰੋਧੀ ਪਾਰਟੀਆਂ ਵੱਲੋਂ ਲੋਕਾਂ ਨੂੰ ਭੜਕਾਉਣ ਦੀ ਭੂਮਿਕਾ 'ਤੇ ਇਕ ਛੋਟੀ ਪੇਸ਼ਕਾਰੀ ਦੇ ਬਾਅਦ ਇਸ ਤਰ੍ਹਾਂ ਦੀ ਸੋਚ ਸੀ ਕਿ ਖੇਤਰੀ ਪਰਿਸ਼ਦਾਂ ਠੀਕ ਸਮੇਂ 'ਤੇ ਸੰਮੇਲਨ ਕਰਵਾਉਣ ਜਿਨ੍ਹਾਂ 'ਚ ਸਾਫ ਕੀਤਾ ਜਾਵੇ ਕਿ ਇਸ ਮੁੱਦੇ ਨੂੰ ਲੋਕ ਰਾਜ ਕਿਸ ਤਰ੍ਹਾਂ ਨਿਪਟਾਏਗਾ, ਤੇ ਰਾਸ਼ਟਰਾਂ ਤੇ ਲੋਕਾਂ ਦੇ ਸਮੂਹਕ ਹੱਕਾਂ ਨੂੰ ਮੌਜੂਦਾ ਰਾਜਨੀਤਕ ਤੇ ਆਰਥਕ ਦਾਇਰਿਆਂ 'ਚ ਕਿਸ ਤਰ੍ਹਾਂ ਸੁਲਝਾਉਣਾ ਨਾਮੁਮਕਿਨ ਹੈ।

ਸਰਬ ਹਿੰਦ ਪਰਿਸ਼ਦ ਨੇ ਗਣਤੰਤਰ ਦੇ ਇਕ ਹੋਰ ਅਹਿਮ ਪਹਿਲੂ --ਲੋਕਤੰਤਰ, ਬਾਰੇ ਵੀ ਚਰਚਾ ਕੀਤੀ। ਲੋਕ ਰਾਜ ਸੰਗਠਨ ਦੇ ਤੌਰ 'ਤੇ ਲੋਕਤੰਤਰ ਨੂੰ ਹੋਰ ਵਿਸਤ੍ਰਿਤ ਕਰਨ ਲਈ ਅਸੀਂ ਲੋਕਾਂ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਹੈ ਤੇ ਖੁਦ ਕੋਸ਼ਿਸ਼ਾਂ ਕੀਤੀਆਂ ਹਨ। ਲੋਕਾਂ ਨੂੰ ਫ਼ੈਸਲਾ ਲੈਣ ਤੋਂ ਵਾਂਝਿਆ ਰੱਖਣ ਵਾਲੀ ਮੌਜੂਦਾ ਰਾਜਨੀਤਿਕ ਪ੍ਰਕਿਰਿਆ ਦੀਆਂ ਤਰੁਟੀਆਂ ਦੇ ਜਵਾਬ 'ਚ ਅਸੀਂ ਪ੍ਰਤੱਖ ਲੋਕਤੰਤਰ ਦਾ ਝੰਡਾ ਚੁੱਕਿਆ ਹੈ। ਜਨ ਪ੍ਰਤਿਨਿਧਿਵ ਕਾਨੂੰਨ 'ਚ ਬਦਲਾਅ ਲਿਆਉਣ ਦੇ ਅਲਗ-ਅਲਗ ਪ੍ਰਸਤਾਵਾਂ ਦੇ ਜ਼ਰੀਏ ਕੇਂਦਰ ਸਰਕਾਰ ਕੋਸ਼ਿਸ਼ ਕਰ ਰਹੀ ਹੈ ਕਿ ਰਾਜਨੀਤਕ ਪ੍ਰਕ੍ਰਿਆ 'ਚ ਲੋਕਾਂ ਦੀ ਭੂਮਿਕਾ ਨੂੰ ਹੋਰ ਵੀ ਕਮਜ਼ੋਰ ਕੀਤਾ ਜਾਵੇ। ਇਹ ਇਕ ਚੰਗਾ ਮੌਕਾ ਹੈ ਜਦ ਜਨ ਪ੍ਰਤਿਨਿਧਿਵ ਕਾਨੂੰਨ ਦੇ ਮੁੱਦੇ 'ਤੇ ਅਲਗ ਅਲਗ ਰਾਜਨੀਤਕ ਤਾਕਤਾਂ ਨੂੰ ਚਰਚਾ 'ਚ ਲਿਆਂਦਾ ਜਾਵੇ ਤਾਂਕਿ ਪ੍ਰਤੱਖ ਲੋਕਤੰਤਰ ਦੀ ਮੰਗ ਦੇ ਆਲੇ ਦੁਆਲੇ ਲੋਕਾਂ ਦੀ ਏਕਤਾ ਬਣਾਈ ਜਾ ਸਕੇ।

ਸਰਬ ਹਿੰਦ ਪਰਿਸ਼ਦ ਨੇ ਕਾਨੂੰਨੀ ਨਿਆਂ ਵਿਵਸਥਾ 'ਤੇ ਗੌਰ ਕੀਤਾ ਜੋ ਪੂਰੀ ਤਰ੍ਹਾਂ ਨਾਲ ਉਪਨਿਵੇਸ਼ਵਾਦੀ ਸੰਸਥਾਵਾਂ 'ਤੇ ਟਿਕੀ ਹੈ ਤੇ ਇਕਦਮ ਲੋਕ-ਵਿਰੋਧੀ ਹੈ। ਇਹ ਇਕ ਚੰਗਾ ਮੌਕਾ ਹੈ ਜਦ ਕਾਨੂੰਨੀ ਨਿਆਂ ਵਿਵਸਥਾ ਦੇ ਮੁੱਦੇ 'ਤੇ ਅਲਗ ਅਲਗ ਰਾਜਨੀਤਕ ਤਾਕਤਾਂ ਨੂੰ ਚਰਚਾ 'ਚ ਲਿਆਂਦਾ ਜਾਵੇ, ਕਿ ਕਿਹੜੇ ਸੁਧਾਰ ਜ਼ਰੂਰੀ ਹਨ ਜੋ ਲੋਕ ਰਾਜ ਲਈ ਸਹਾਇਕ ਹਨ।

ਸੰਸਦ 'ਚ ਪ੍ਰਸਤਾਵਿਤ ਬਿੱਲਾਂ, ਜਿਨ੍ਹਾਂ 'ਚ ਜ਼ਮੀਨ ਦੇ ਅਕਵਾਇਰੀਕਰਣ ਅਤੇ ਰਾਹਤ ਤੇ ਪੁਨਰਵਾਸ ਬਿੱਲ, ਸੰਪਰਦਾਇਕ ਹਿੰਸਾ ਬਿੱਲ, ਮਹਿਲਾ ਆਰਕਸ਼ਣ ਬਿੱਲ ਆਦਿ ਸ਼ਾਮਿਲ ਹਨ, ਦੇ ਬਾਰੇ 'ਚ ਲੋਕ ਰਾਜ ਸੰਗਠਨ ਦੀ ਸੋਚ ਨੂੰ ਹੋਰ ਵਿਸਤਾਰ ਨਾਲ ਪੇਸ਼ ਕਰਨ ਦਾ ਨਿਰਣਾ ਲਿਆ ਗਿਆ। ਹੋਰ ਵੀ ਜੋ ਬਿੱਲ ਸੰਸਦ 'ਚ ਪੇਸ਼ ਕੀਤੇ ਜਾਣ ਵਾਲੇ ਹਨ, ਉਨ੍ਹਾਂ 'ਤੇ ਵੀ ਸਾਨੂੰ ਨਜ਼ਰ ਰੱਖਣੀ ਚਾਹੀਦੀ ਹੈ।

ਹੇਠ ਲਿਖਿਤ ਫ਼ੈਸਲਿਆਂ ਨੂੰ ਦੁਹਰਾਉਂਦੇ ਹੋਏ ਸਭਾ ਸਮਾਪਤ ਕੀਤੀ ਗਈ:

- ਮੈਂਬਰਸ਼ਿਪ ਹਰੇਕ ਖੇਤਰੀ ਪਰਿਸ਼ਦ ਨਵੇਂ ਮੈਂਬਰ ਬਣਾਉਣ ਦੇ ਆਪਣੇ ਟੀਚੇ ਨੂੰ ਤੈਅ ਕਰੇ, ਉਨ੍ਹਾਂ ਨੂੰ ਪੂਰਾ ਕਰਨ ਦੇ ਕਦਮ ਪੁੱਟੇ ਤੇ ਅਗਲੀ ਸਰਬ ਹਿੰਦ ਪਰਿਸ਼ਦ 'ਚ ਰਿਪੋਰਟ ਦੇਵੇ।
- ਜਿਥੇ ਅਜੇ ਤੱਕ ਖੇਤਰੀ ਸੰਮੇਲਨ ਨਹੀਂ ਹੋਏ ਹਨ, ਉਥੇ ਇਕ ਮਹੀਨੇ 'ਚ ਸੰਮੇਲਨ ਕਰਵਾ ਕੇ ਨਵੀਂਆਂ ਪਰਿਸ਼ਦਾਂ ਚੁਣਨ। 6 ਮਹੀਨੇ ਦੇ ਬਾਅਦ ਫਿਰ ਸਾਰੇ ਮੈਂਬਰਾਂ ਦਾ ਖੇਤਰੀ ਸੰਮੇਲਨ ਕੀਤਾ ਜਾਵੇ। 15 ਮਾਰਚ ਤੋਂ ਪਹਿਲਾਂ-ਪਹਿਲਾਂ ਸਾਰੀਆਂ ਪਰਿਸ਼ਦਾਂ ਸਰਬ ਹਿੰਦ ਪਰਿਸ਼ਦ ਨੂੰ ਆਪਣੀ ਯੋਜਨਾ ਦੀ ਰਿਪੋਰਟ ਭੇਜਣ।
- ਸਾਫ਼-ਸਾਫ਼ ਮੰਗਾਂ ਦੇ ਨਾਲ, ਮਹਿੰਗਾਈ 'ਤੇ ਬਿਆਨ/ਪਰਚਾ ਕੱਢਿਆ ਜਾਵੇ।
- ਅੰਤਰਰਾਸ਼ਟਰੀ ਮਹਿਲਾ ਦਿਵਸ-ਮੁੰਬਈ 'ਚ 7 ਮਾਰਚ ਨੂੰ ਸਭਾ, ਦਿੱਲੀ 'ਚ ਮਾਰਚ ਦੇ ਅੰਤ 'ਚ ਸਭਾ ਕੀਤੀ ਜਾਵੇ। ਸੰਯੁਕਤ ਪ੍ਰੋਗਰਾਮ 'ਚ ਭਾਗ ਲੈਣ ਦਾ ਫ਼ੈਸਲਾ ਆਪਣੀਆਂ-ਆਪਣੀਆਂ ਖੇਤਰੀ ਪਰਿਸ਼ਦਾਂ 'ਚ ਲਿਆ ਜਾਵੇ।
- ਗਣਤੰਤਰ ਦੇ 60 ਵਰ੍ਹੇ ਦੇ ਬਾਰੇ 'ਚ-ਸੰਘ ਦਾ ਪੁਨਰਗਠਨ, ਜਨ ਪ੍ਰਤਿਨਿਧਿਵ ਕਾਨੂੰਨ, ਕਾਨੂੰਨੀ ਨਿਆਵਿਵਸਥਾ, ਆਦਿ ਵਿਸ਼ਿਆਂ 'ਤੇ ਸਭਾਵਾਂ ਕਰਵਾਉਣ ਦੀਆਂ ਯੋਜਨਾਵਾਂ ਦਾ ਫ਼ੈਸਲਾ ਖੇਤਰੀ ਪਰਿਸ਼ਦਾਂ 'ਚ ਵਿਚਾਰ ਦੇ ਬਾਅਦ ਕੀਤਾ ਜਾਵੇ।
- ਸੰਸਦ 'ਚ ਆਉਣ/ਪਾਸ ਕੀਤੇ ਜਾਣ ਵਾਲੇ ਬਿੱਲਾਂ 'ਤੇ ਨਿਗਰਾਨੀ। ■

## ਗੋਆ 'ਚ ਕਿਸ਼ਤੀ ਸੇਵਾ ਦੇ ਨਿੱਜੀਕਰਣ ਦੇ ਖਿਲਾਫ਼ ਧਰਨਾ

ਭਾਰਤ ਸਰਕਾਰ ਜਲ ਪਰਿਵਹਨ ਇੰਪਲਾਈਜ਼ ਯੂਨੀਅਨ (ਗੋਆ) ਅਤੇ ਗੋਆ ਏਟਕ ਨੇ 17 ਦਸੰਬਰ 2009 ਨੂੰ ਕੈਪਟਨ ਆਫ ਪੋਰਟ ਦੇ ਦਫ਼ਤਰ ਦੇ ਸਾਹਮਣੇ ਰਾਜ ਦੀਆਂ ਨਦੀਆਂ 'ਚ ਕਿਸ਼ਤੀ ਸੇਵਾ ਦੇ ਨਿੱਜੀਕਰਣ ਕੀਤੇ ਜਾਣ ਦੇ ਖਿਲਾਫ਼ ਧਰਨਾ ਕਰਵਾਇਆ। ਨਦੀ ਜਲ ਪਰਿਵਹਨ ਵਿਭਾਗ ਤੋਂ ਖੋਹ ਕੇ ਇਸ ਸੇਵਾ ਨੂੰ ਨਿਜੀ ਹੱਥਾਂ 'ਚ ਦਿੱਤੇ ਜਾਣ ਦੇ ਖਿਲਾਫ਼ ਇਹ ਧਰਨਾ ਕਰਵਾਇਆ ਗਿਆ ਸੀ।

ਧਰਨੇ 'ਤੇ ਬੈਠੇ ਕਾਰਜਕਰਤਾਵਾਂ ਨੇ ਦੱਸਿਆ ਕਿ ਇਸਤੋਂ ਪਹਿਲਾਂ ਜਦ ਇਕ ਨਿੱਜੀ ਕੰਪਨੀ ਨੂੰ ਨਿੱਜੀ ਕਿਸ਼ਤੀ ਸੇਵਾ ਚਲਾਉਣ ਦੀ ਇਜਾਜ਼ਤ ਦਿੱਤੀ ਗਈ ਸੀ, ਉਸ ਵਕਤ ਇਕ ਕਿਸ਼ਤੀ ਨੂੰ ਤਟਵਰਤੀ ਇਲਾਕੇ ਦੇ ਵਿਚ ਛੱਡ ਦਿੱਤਾ ਗਿਆ ਸੀ, ਜਿਸ ਨਾਲ ਮਛੇਰਿਆਂ ਦੇ ਨਾਲ-ਨਾਲ ਵਾਤਾਵਰਣ ਨੂੰ ਵੀ ਕਾਫ਼ੀ ਨੁਕਸਾਨ ਹੋਇਆ ਸੀ। ਧਰਨੇ 'ਤੇ ਬੈਠੇ ਕਾਰਜਕਰਤਾਵਾਂ ਨੇ ਇਹ ਮੰਗ ਕੀਤੀ ਹੈ ਕਿ ਗੋਆ ਸਰਕਾਰ ਨੂੰ ਫੌਰੀ ਤੌਰ 'ਤੇ 20 ਨਵੀਆਂ ਕਿਸ਼ਤੀਆਂ ਖਰੀਦ ਕੇ ਆਮ ਆਦਮੀ ਲਈ ਬਿਹਤਰ ਸੇਵਾ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ, ਜੋ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਇਸ ਦਾ ਇਸਤੇਮਾਲ ਕਰਦਾ ਹੈ। ■

हिन्दोस्तान की कम्युनिस्ट ग़दर पार्टी की केन्द्रीय कमेटी का पाक्षिक अखबार

**मजदूर एकता लहर**

वार्षिक शुल्क 50 रुपये, कृपया मनीआर्डर निम्न पते पर भेजिये : श्री चन्द्रभान, ई–392, संजय कालोनी, ओखला फेस–2, नई दिल्ली – 110020, फोन 09868721375

मनीआर्डर फार्म भरते समय संदेश के स्थान पर स्पष्ट अक्षरों में अपना पता व फोन नम्बर अवश्य लिखें ताकि आपसे संपर्क किया जा सके

# ਉੜੀਸਾ ਦੇ ਬੰਦ ਖਦਾਨਾਂ ਦੇ ਮਜ਼ਦੂਰਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ

ਉੜੀਸਾ ਦੇ ਕਿਓਨਝਰ ਜ਼ਿਲ੍ਹੇ ਦੇ ਬਰਬੀਲ-ਜੋਡਾ-ਗੰਦਮਰਦਨ ਖਦਾਨ ਖੇਤਰ ਦੇ 10,000 ਤੋਂ ਜ਼ਿਆਦਾ ਖਦਾਨ ਮਜ਼ਦੂਰਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ ਅਤੇ 10,000 ਖਦਾਨ ਮਜ਼ਦੂਰਾਂ ਦੇ ਸਿਰ 'ਤੇ ਨੌਕਰੀ ਤੋਂ ਕੱਢ ਦਿੱਤੇ ਜਾਣ ਦੀ ਤਲਵਾਰ ਇਸ ਸਮੇਂ ਲਟਕ ਰਹੀ ਹੈ।

ਇਹ ਖੇਤਰ ਸੱਭ ਤਰ੍ਹਾਂ ਦੇ ਖਣਿਜ ਸੰਸਾਧਨਾਂ ਨਾਲ ਭਰਪੂਰ ਹੈ, ਜਿਸ 'ਚ ਸ਼ਾਮਿਲ ਹਨ: ਕੱਚਾ ਕ੍ਰਾਮਾਈਟ, ਕੱਚਾ ਲੋਹਾ, ਮੈਂਗਨਿਜ, ਆਦਿ। ਇਨ੍ਹਾਂ ਦਾ ਵੱਡੀਆਂ ਕੰਪਨੀਆਂ ਕਈ ਵਰ੍ਹਿਆਂ ਤੋਂ ਕਾਨੂੰਨੀ ਤੇ ਗੈਰ-ਕਾਨੂੰਨੀ ਤਰੀਕੇ ਨਾਲ ਸ਼ੋਸ਼ਣ ਕਰਦੀਆਂ ਆ ਰਹੀਆਂ ਹਨ। ਪਿਛਲੇ ਕੁਝ ਮਹੀਨਿਆਂ ਤੋਂ, ਜਦ ਤੋਂ ਇਸ ਗੱਲ ਦਾ ਪਰਦਾਫਾਸ਼ ਹੋਇਆ ਹੈ ਕਿ ਖਦਾਨ ਮਾਫੀਆ ਵੱਲੋਂ ਖਣਿਜ ਸੰਸਾਧਨਾਂ ਦੀ ਲੁੱਟ ਨੂੰ ਸਰਕਾਰ ਨਜ਼ਰ-ਅੰਦਾਜ਼ ਕਰ ਰਹੀ ਹੈ ਤਾਂ ਪੂਰੇ ਰਾਜ 'ਚ ਬਵਾਲ ਖੜ੍ਹਾ ਹੋ ਗਿਆ ਹੈ। ਸੂਬਾਈ ਸਰਕਾਰ ਨੇ ਗ਼ੈਰ-ਕਾਨੂੰਨੀ ਤਰੀਕੇ ਨਾਲ ਚੱਲਣ ਵਾਲੀਆਂ ਖਦਾਨਾਂ ਦੇ ਖਿਲਾਫ਼ ਤਹਿਕੀਕਾਤ ਕਰਨ ਦਾ ਹੁਕਮ ਦਿੱਤਾ ਹੈ। ਇਸ ਦੇ ਨਾਲ-ਨਾਲ ਸਰਕਾਰ ਨੇ ਸਿਰਫ਼ ਕਿਓਨਝਰ ਜ਼ਿਲ੍ਹੇ 'ਚ 10 ਵੱਡੀਆਂ ਖਦਾਨਾਂ ਨੂੰ ਬੰਦ ਕਰਨ ਦਾ ਵੀ ਆਦੇਸ਼ ਦਿੱਤਾ ਹੈ। ਇਨ੍ਹਾਂ ਖਦਾਨਾਂ ਦੇ ਬੰਦ ਹੋ ਜਾਣ ਦੀ ਵਜ੍ਹਾ ਨਾਲ ਲਗਭਗ 5000 ਟ੍ਰਾਂਸਪੋਰਟ ਮਜ਼ਦੂਰਾਂ ਦੀ ਵੀ ਰੋਜ਼ੀ-ਰੋਟੀ ਖੁੱਸ ਗਈ ਹੈ।

ਮਜ਼ਦੂਰਾਂ ਨੇ ਦੱਸਿਆ ਕਿ ਜਿਨ੍ਹਾਂ ਖਦਾਨਾਂ ਨੂੰ ਬੰਦ ਕੀਤਾ ਗਿਆ ਹੈ ਉਨ੍ਹਾਂ ਦੇ ਕੋਲ ਕਾਨੂੰਨੀ ਪਰਮਿਟ ਮੌਜੂਦ ਹਨ ਅਤੇ ਉਨ੍ਹਾਂ ਨੂੰ ਸਿਰਫ਼ ਨਵਿਆਉਣ ਦੀ ਜ਼ਰੂਰਤ ਸੀ। ਇਹ ਯਕੀਨੀ ਬਨਾਉਣ ਦੀ ਬਜਾਏ ਕਿ ਇਨ੍ਹਾਂ ਖਦਾਨਾਂ ਨੂੰ ਚਲਾਉਣ ਤੇ ਪਰਮਿਟ ਨੂੰ ਨਵਿਆਉਣ 'ਚ ਸਹੀ ਨਿਯਮਾਂ ਦਾ ਪਾਲਣ ਕੀਤਾ ਜਾਵੇ, ਸਰਕਾਰ ਨੇ ਖਦਾਨਾਂ ਨੂੰ ਹੀ ਬੰਦ ਕਰਨ ਦਾ ਹੁਕਮ ਦੇ ਦਿੱਤਾ।

ਕਿਓਨਝਰ ਮਾਈਂਸ ਐਂਡ ਫਾਰੈਸਟ ਵਰਕਰਸ ਯੂਨੀਅਨ ਨੇ 8 ਤੋਂ 11 ਦਸੰਬਰ ਨੂੰ 4 ਦਿਨ ਤੱਕ ਤੇ ਫਿਰ 19 ਦਸੰਬਰ, 2009 ਨੂੰ ਜੋਡਾ 'ਚ ਡੈਪਯੂਟੀ ਮਾਈਨਿੰਗ ਡਾਇਰੈਕਟਰ ਦੇ ਦਫ਼ਤਰ ਦੇ ਸਾਹਮਣੇ ਧਰਨਾ ਦਿੱਤਾ। ਖਦਾਨ ਮਜ਼ਦੂਰਾਂ ਨੇ ਮੰਗ ਰੱਖੀ ਕਿ ਭ੍ਰਿਸ਼ਟ ਖਦਾਨ ਮਾਲਕਾਂ, ਮਾਫੀਆ ਅਤੇ ਇਸ ਘੋਟਾਲੇ ਨਾਲ ਸੰਬੰਧਿਤ ਅਧਿਕਾਰੀਆਂ ਨੂੰ ਸਜ਼ਾ ਦਿੱਤੀ ਜਾਵੇ ਤੇ ਖਣਿਜ ਸੰਸਾਧਨਾਂ ਦੀ ਲੁੱਟ ਨੂੰ ਰੋਕਣ ਤੇ ਬੰਦ ਖਦਾਨਾਂ ਨੂੰ ਕਾਨੂੰਨੀ ਤਰੀਕੇ ਨਾਲ ਖੋਲ੍ਹਣ ਲਈ ਕਦਮ ਚੁੱਕੇ ਜਾਣ। ■

# ਇਸਪਾਤ ਮਜ਼ਦੂਰਾਂ ਦੀ ਮਹੱਤਵਪੂਰਣ ਹੜਤਾਲ

30-31 ਅਕਤੂਬਰ, 2009 ਨੂੰ ਸਟੀਲ ਵਰਕਸ ਫੈਡਰੇਸ਼ਨ ਆਫ਼ ਇੰਡੀਆ ਦੇ ਸੱਦੇ ਤੇ ਇਸਪਾਤ ਮਜ਼ਦੂਰ ਅਤੇ ਇਸਪਾਤ ਉਦਯੋਗ ਦੇ ਠੇਕਾ ਮਜ਼ਦੂਰਾਂ ਨੇ ਹੜਤਾਲ ਕੀਤੀ। ਹੜਤਾਲ ਦੇਸ਼ ਪੱਧਰੀ ਸੀ। ਇਸ ਤੋਂ ਪਹਿਲਾਂ ਇੰਨੀ ਸਫ਼ਲ ਹੜਤਾਲ ਕਦੇ ਨਹੀਂ ਹੋਈ। ਇਹ ਪੂਰਬ 'ਚ ਦੁਰਗਾਪੁਰ ਤੋਂ ਲੈ ਕੇ ਦੱਖਣ 'ਚ ਸੇਲਮ ਤੇ ਭੱਦਰਾਵਤੀ ਤੱਕ ਫੈਲੀ ਹੋਈ ਸੀ। ਦੇਸ਼ ਦੇ ਸਾਰੇ ਇਸਪਾਤ ਬਾਜ਼ਾਰਾਂ 'ਚ ਕੰਮ-ਕਾਜ ਠੱਪ ਰਿਹਾ। ਇਸਪਾਤ ਮਜ਼ਦੂਰਾਂ ਦੇ ਨਾਲ-ਨਾਲ ਅਨੇਕਾਂ ਖਾਨਾਂ, ਦਫ਼ਤਰਾਂ ਤੇ ਉਦਯੋਗਿਕ ਕੇਂਦਰਾਂ ਦੇ ਮਜ਼ਦੂਰਾਂ ਨੇ ਵੀ ਹੜਤਾਲ ਵਿੱਚ ਹਿੱਸਾ ਲਿਆ।

ਇਸ ਹੜਤਾਲ 'ਚ ਅਹਿਮ ਗੱਲ ਇਹ ਸੀ ਕਿ ਇਸਪਾਤ ਉਦਯੋਗ ਦੇ ਨਿਯਮਤ ਮਜ਼ਦੂਰਾਂ ਤੇ ਠੇਕਾ ਮਜ਼ਦੂਰਾਂ ਨੇ ਮਿਲ ਕੇ ਸੰਘਰਸ਼ ਕੀਤਾ ਤੇ ਇਨਸਾਫ਼, ਬਿਹਤਰ ਤਨਖ਼ਾਹ ਤੇ ਬਿਹਤਰ ਕੰਮ ਦੀਆਂ ਹਾਲਤਾਂ ਲਈ ਇਕ ਦੂਜੇ ਦੀਆਂ ਮੰਗਾਂ ਦਾ ਸਮਰਥਨ ਕੀਤਾ। ਸਰਬਜਨਕ ਖੇਤਰ ਦੀਆਂ ਇਸਪਾਤ ਫੈਕਟਰੀਆਂ, ਖਦਾਨਾਂ ਤੇ ਦਫ਼ਤਰਾਂ 'ਚ ਠੇਕੇ ਦੇ ਮਜ਼ਦੂਰ ਪਹਿਲਾਂ ਵੀ ਸੰਘਰਸ਼ ਕਰ ਚੁੱਕੇ ਹਨ, ਖਾਸ ਤੌਰ 'ਤੇ ਬਰਨਪੁਰ, ਦੁਰਗਾਪੁਰ, ਰਾਉਰਕੇਲਾ, ਬੋਕਾਰੋ, ਭਿਲਾਈ, ਵਿਸ਼ਾਖਾਪਟਨਮ 'ਚ। ਪਰ ਇਹ ਪਹਿਲੀ ਵਾਰ ਇਸ ਤਰ੍ਹਾਂ ਹੋਇਆ ਕਿ ਸਾਰੀਆਂ ਫੈਕਟਰੀਆਂ, ਖਦਾਨਾਂ, ਉਦਯੋਗਿਕ ਕੇਂਦਰਾਂ ਤੇ ਦਫ਼ਤਰਾਂ 'ਚ ਇਕੋ ਸਮੇਂ ਹੜਤਾਲ ਹੋਈ।

ਇਸਪਾਤ ਮਜ਼ਦੂਰ ਜਲਦੀ ਤੇ ਸੰਤੁਸ਼ਟੀਪੂਰਵਕ ਤਨਖਾਹਾਂ ਚਾਹੁੰਦੇ ਹਨ ਤੇ ਠੇਕਾ ਮਜ਼ਦੂਰਾਂ ਲਈ ਤਨਖ਼ਾਹ 'ਚ ਵਾਧਾ ਤੇ ਦੂਸਰੀਆਂ ਸਹੂਲਤਾਂ ਚਾਹੁੰਦੇ ਹਨ।

ਐਸ.ਏ.ਆਈ.ਐਲ. 'ਚ 1991 'ਚ 2,30,000 ਕਰਮਚਾਰੀ ਸਨ, ਜਦਕਿ ਇਸ ਸਮੇਂ ਸਿਰਫ਼ 1,25,000 ਬਚੇ ਹਨ। ਇੱਕ ਲੱਖ ਤੋਂ ਜ਼ਿਆਦਾ ਪੱਕੀਆਂ ਨੌਕਰੀਆਂ ਜਾਂ ਤਾਂ ਖਤਮ ਕਰ ਦਿੱਤੀਆਂ ਗਈਆਂ ਹਨ ਜਾਂ ਫਿਰ ਠੇਕੇਦਾਰਾਂ ਨੂੰ ਦਿੱਤੀਆਂ ਗਈਆਂ ਹਨ ਜਾਂ ਕਿਤੇ ਹੋਰ ਪਾਸਿਓਂ ਇਹ ਕੰਮ ਕਰਵਾਇਆ ਜਾ ਰਿਹਾ ਹੈ।

ਇਸ ਦੌਰਾਨ ਤਨਖਾਹਾਂ 'ਚ ਵੀ ਬਹੁਤ ਤਬਦੀਲੀ ਹੋਈ ਹੈ। ਇਸ ਸਮੇਂ ਹਿੰਦੁਸਤਾਨ 'ਚ ਵੀ ਅਮਰੀਕਾ ਦੀ ਤਰ੍ਹਾਂ, ਕੰਪਨੀਆਂ ਦੇ ਉੱਚ ਅਧਿਕਾਰੀਆਂ ਤੇ ਉੱਚ ਪੱਧਰ ਦੇ ਅਫ਼ਸਰਾਂ ਨੂੰ ਮੋਟੀਆਂ-ਮੋਟੀਆਂ ਤਨਖਾਹਾਂ ਦੇਣ ਦੀ ਪ੍ਰਕ੍ਰਿਆ ਅਪਨਾਈ ਜਾ ਰਹੀ ਹੈ। ਪਿਛਲੇ 12 ਸਾਲਾਂ ਦੌਰਾਨ ਸਰਬਜਨਕ ਖੇਤਰ ਦੀਆਂ ਕੰਪਨੀਆਂ 'ਚ ਉੱਚੇ ਪੱਧਰ ਦੇ ਅਫ਼ਸਰਾਂ ਦੀਆਂ ਤਨਖਾਹਾਂ 200 ਤੋਂ 400 ਫ਼ੀਸਦੀ ਤੱਕ ਵਧ ਗਈਆਂ ਹਨ ਤੇ ਨਾਲ-ਨਾਲ ਦੂਸਰੀਆਂ ਸਹੂਲਤਾਂ ਵੀ ਬਹੁਤ ਵਧਾਈਆਂ ਜਾ ਰਹੀਆਂ ਹਨ। ਪਰ ਛਾਂਟੀ, ਠੇਕੇ ਦੀ ਮਜ਼ਦੂਰੀ ਤੇ ਆਊਟਸੋਰਸਿੰਗ ਦੇ ਕਾਰਣ ਤਨਖਾਹ ਉਤੇ ਖਰਚ ਕਾਫ਼ੀ ਘੱਟ ਹੋ ਗਿਆ ਹੈ।

ਇਸਪਾਤ ਮਜ਼ਦੂਰਾਂ ਨੂੰ 1 ਜਨਵਰੀ, 2007 ਨੂੰ ਜੋ ਨਵਾਂ ਤਨਖਾਹ ਸਮਝੌਤਾ ਮਿਲਣ ਵਾਲਾ ਸੀ ਉਹ 34 ਮਹੀਨੇ ਬਾਅਦ ਵੀ ਨਹੀਂ ਮਿਲਿਆ। ਪ੍ਰਬੰਧਕ ਕੋਈ ਸਮਝੌਤਾ ਨਹੀਂ ਕਰਨਾ ਚਾਹੁੰਦੇ। ਲਗਭਗ ਦੋ ਵਰ੍ਹੇ ਬਾਅਦ ਜਸਟਿਸ ਰਾਓ ਕਮੇਟੀ ਨੇ ਕੰਪਨੀ ਦੇ ਉੱਚ ਅਧਿਕਾਰੀਆਂ ਦੀਆਂ ਤਨਖਾਹਾਂ ਵਧਾਉਣ ਦੀ ਸਿਫਾਰਸ਼ ਕੀਤੀ। ਮਜ਼ਦੂਰਾਂ ਨੇ ਤਨਖਾਹ 'ਚ ਵਾਧਾ ਤੇ ਠੇਕੇ ਦੇ ਮਜ਼ਦੂਰਾਂ ਦੀਆਂ ਤਨਖਾਹਾਂ ਨੂੰ ਵੀ ਨਾਲ ਦੇ ਨਾਲ ਵਧਾਉਣ ਦੀ ਮੰਗ ਕੀਤੀ, ਇਹ ਮੰਨਦੇ ਹੋਏ ਕਿ ਕੰਪਨੀ ਦੇ ਉਤਪਾਦਨ ਤੇ ਮੁਨਾਫੇ 'ਚ ਠੇਕੇ ਦੇ ਮਜ਼ਦੂਰਾਂ ਦਾ ਵੀ ਬਹੁਤ ਯੋਗਦਾਨ ਹੈ। ਐਸ. ਏ. ਆਈ. ਐਲ. ਇਸ ਸਮੇਂ ਦੁਨੀਆ ਦੀਆਂ ਸਾਰੀਆਂ ਇਸਪਾਤ ਕੰਪਨੀਆਂ 'ਚੋਂ ਪਹਿਲੇ ਨੰਬਰ 'ਤੇ ਹੈ ਤੇ 2008-09 'ਚ ਉਸਦੇ ਮੁਨਾਫੇ ਸਭ ਤੋਂ ਜ਼ਿਆਦਾ ਸਨ।

ਅਕਤੂਬਰ ਦੇ ਦੂਸਰੇ ਹਫ਼ਤੇ ਹੜਤਾਲ ਕਰਨ ਦੇ ਫ਼ੈਸਲੇ ਲੈਣ ਲਈ ਵੋਟਿੰਗ ਕੀਤੀ ਗਈ। 92 ਫ਼ੀਸਦੀ ਮਜ਼ਦੂਰਾਂ ਨੇ ਹੜਤਾਲ ਦੇ ਪੱਖ 'ਚ ਵੋਟ ਦਿੱਤਾ। 15 ਅਕਤੂਬਰ ਨੂੰ ਨੋਟਿਸ ਦਿੱਤਾ ਗਿਆ ਕਿ 30-31 ਅਕਤੂਬਰ ਨੂੰ ਹੜਤਾਲ ਹੋਵੇਗੀ। ਭਿਲਾਈ ਤੇ ਰਾਜਹਰਾ ਖਦਾਨਾਂ ਤੇ ਸੈਂਟਰਲ ਮਾਰਕੀਟਿੰਗ ਆਰਗੇਨਾਈਜੇਸ਼ਨ ਵਰਗੀਆਂ ਕੁਝ ਕੰਪਨੀਆਂ 'ਚ 30 ਅਕਤੂਬਰ ਨੂੰ ਹੀ ਹੜਤਾਲ ਕੀਤੀ ਗਈ।

ਰਾਉਰਕੇਲਾ 'ਚ ਪਹਿਲੇ ਦਿਨ 90 ਫ਼ੀਸਦੀ ਤੇ ਦੂਸਰੇ ਦਿਨ 100 ਫ਼ੀਸਦੀ ਮਜ਼ਦੂਰ ਹੜਤਾਲ 'ਤੇ ਰਹੇ। ਬੋਕਾਰੋ 'ਚ 90 ਫ਼ੀਸਦੀ ਤੋਂ ਜ਼ਿਆਦਾ ਤੇ ਭਦਰਾਵਤੀ 'ਚ 98 ਫ਼ੀਸਦੀ ਮਜ਼ਦੂਰਾਂ ਨੇ ਹੜਤਾਲ ਕੀਤੀ। ਠੇਕੇ ਦੇ ਮਜ਼ਦੂਰਾਂ ਨੇ ਵੀ ਹੜਤਾਲ 'ਚ ਭਾਗ ਲਿਆ। ਰਾਜਹਰਾ, ਕਿਰੀਬਰਨ, ਭਿਲਾਈ, ਦੇਸ਼ ਭਰ 'ਚ ਸੈਂਟਰਲ ਮਾਰਕੀਟਿੰਗ 'ਚ ਤੇ ਕੋਲਕਾਤਾ ਤੇ ਹੋਰ ਕੰਮ ਵਾਲੀਆਂ ਥਾਵਾਂ 'ਤੇ ਮਜ਼ਦੂਰਾਂ ਨੇ ਭਾਰੀ ਗਿਣਤੀ 'ਚ ਹੜਤਾਲ ਕੀਤੀ। ਉੜੀਸਾ ਦੇ ਬੋਲਾਨੀ ਖਾਨਾਂ 'ਚ 100 ਫ਼ੀਸਦੀ ਮਜ਼ਦੂਰਾਂ ਨੇ ਹੜਤਾਲ ਕੀਤੀ। ਵਿਸ਼ਾਖਾਪਟਨ ਤੇ ਦੁਰਗਾਪੁਰ 'ਚ ਵੀ ਲਗਭਗ 100 ਫ਼ੀਸਦੀ ਮਜ਼ਦੂਰਾਂ ਨੇ ਹੜਤਾਲ ਕੀਤੀ। ਇਸ ਹੜਤਾਲ ਤੋਂ ਸਪੱਸ਼ਟ ਹੋਇਆ ਕਿ ਦੇਸ਼ ਭਰ ਦੇ ਇਸਪਾਤ ਮਜ਼ਦੂਰ, ਮੌਜੂਦਾ ਸਰਕਾਰ ਤੋਂ ਕਿੰਨੇ ਨਾਰਾਜ਼ ਹਨ। ਸਰਬਜਨਕ ਖੇਤਰ ਇਸਪਾਤ ਉਦਯੋਗ 'ਚ ਵੀ ਇੰਨੀ ਵੱਡੀ ਦੇਸ਼ ਵਿਆਪੀ ਹੜਤਾਲ ਇਸ ਤੋਂ ਪਹਿਲਾਂ ਕਦੇ ਨਹੀਂ ਹੋਈ ਸੀ। ■

# ਮੱਛੀ ਕਾਮਿਆਂ ਵੱਲੋਂ ਆਪਣੀਆਂ ਸਮੱਸਿਆਵਾਂ ਸੰਬੰਧੀ ਮੁਜ਼ਾਹਰਾ



ਰਾਸ਼ਟਰੀ ਮੱਛੀ ਕਾਮਾ ਫੋਰਮ ਨੇ ਆਪਣੀਆਂ ਸਾਰੀਆਂ ਸੂਬਾਈ ਟ੍ਰੇਡ ਯੂਨੀਅਨਾਂ ਨਾਲ ਮਿਲ ਕੇ 11 ਜਨਵਰੀ, 2010 ਨੂੰ ਨਵੀਂ ਦਿੱਲੀ 'ਚ ਸੰਸਦ ਦੇ ਸਾਹਮਣੇ ਦਿਨ-ਭਰ ਧਰਨਾ ਦਿੱਤਾ।

ਉਸੇ ਦਿਨ ਦੇਸ਼ ਦੇ ਅਲਗ-ਅਲਗ ਭਾਗਾਂ 'ਚ, ਕੱਛ, ਮੁੰਬਈ, ਮੰਗਲੁਰੂ, ਤਿਰੂਵੰਤਪੁਰਮ, ਚੇਨਈ, ਵਿਜੇਵਾੜਾ ਤੇ ਭੁਬਨੇਸ਼ਵਰ ਵਰਗੇ ਤਟਵਰਤੀ ਸ਼ਹਿਰਾਂ 'ਚ ਧਰਨੇ ਤੇ ਰੈਲੀਆਂ ਕੀਤੀਆਂ ਗਈਆਂ। ਰਾਸ਼ਟਰੀ ਮੱਛੀ ਕਾਮਾ ਫੋਰਮ ਅਨੁਸਾਰ, ਉਸਦੀ ਪੱਛਮੀ ਬੰਗਾਲ ਯੂਨਿਟ 17 ਜਨਵਰੀ, 2010 ਨੂੰ ਹਰੀਪੁਰ ਤੇ ਕੋਲਕਾਤਾ 'ਚ ਇਸ ਤਰ੍ਹਾਂ ਦੇ ਪ੍ਰਦਰਸ਼ਨ ਕਰਨ ਵਾਲੀ ਹੈ।

ਸੰਸਦ ਦੇ ਅਗਲੇ ਸੈਸ਼ਨ 'ਚ ਮੱਛੀ ਕਾਮਿਆਂ ਨਾਲ ਸੰਬੰਧਿਤ ਸਵਾਲਾਂ 'ਤੇ ਕੁਝ ਕਾਨੂੰਨਾਂ ਦੇ ਮਸੌਦੇ ਪੇਸ਼ ਕੀਤੇ ਜਾਣੇ ਹਨ ਤੇ ਮੱਛੀ ਕਾਮੇ ਉਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਨ ਤੇ ਆਪਣੇ ਪ੍ਰਸਤਾਵ ਪੇਸ਼ ਕਰਨ ਦੇ ਇਰਾਦੇ ਨਾਲ ਇਹ ਅੰਦੋਲਨ ਚਲਾ ਰਹੇ ਹਨ। ਮੌਜੂਦਾ ਸੰਪ੍ਰਗ ਸਰਕਾਰ ਸੰਸਦ ਦੇ ਅਗਲੇ ਇਜਲਾਸ 'ਚ ਸਮੁੰਦਰੀ ਮੱਛੀ-ਫੜ ਨਿਯੰਤਰਣ ਤੇ ਪ੍ਰਬੰਧਨ ਕਾਨੂੰਨ ਤੇ ਪਰੰਪਰਕ ਸਮੁੰਦਰ ਦੇ ਤਟੀ ਮਛੇਰਿਆਂ (ਅਧਿਕਾਰਾਂ ਦੀ ਰੱਖਿਆ) ਬਿੱਲ ਦੇ ਮਸੌਦੇ ਪੇਸ਼ ਕਰਨ ਜਾ ਰਹੀ ਹੈ।

ਸੰਸਦ ਦੇ ਸਾਹਮਣੇ ਹੋਏ ਧਰਨੇ ਦਾ ਉਦਘਾਟਨ ਕਰਦੇ ਹੋਏ, ਫੋਰਮ ਦੇ ਪ੍ਰਧਾਨ ਅਤੇ ਗੋਆ ਦੇ ਮੱਛੀ ਕਾਮਾ ਨੇਤਾ, ਸ੍ਰੀ ਸਲਦਾਨਾ ਨੇ ਕਿਹਾ ਕਿ ਸੰਪ੍ਰਗ ਸਰਕਾਰ ਬਿੱਲਾਂ ਦੇ ਮਸੌਦਿਆਂ ਨੂੰ ਤਿਆਰ ਕਰਨ 'ਚ ਉਦਯੋਗਾਂ, ਵੱਡੀਆਂ ਕੰਪਨੀਆਂ ਅਤੇ ਵੱਡੀਆਂ ਜਹਾਜ਼ ਕੰਪਨੀਆਂ ਦੇ ਹਿਤਾਂ ਉੱਤੇ ਧਿਆਨ ਦੇ ਰਹੀ ਹੈ, ਪਰ ਸਮੁੰਦਰ ਤੋਂ ਰੋਜ਼ੀ-ਰੋਟੀ ਕਮਾਉਣ ਵਾਲੇ ਮੱਛੀ ਕਾਮਿਆਂ ਨਾਲ ਕੋਈ ਸਲਾਹ ਨਹੀਂ ਕਰ ਰਹੀ। ਉਨ੍ਹਾਂ ਨੇ ਐਲਾਨ ਕੀਤਾ ਕਿ ਜੇਕਰ ਇਹ ਬਿੱਲ ਮੌਜੂਦਾ ਰੂਪ 'ਚ ਪਾਸ ਹੋ ਜਾਂਦੇ ਹਨ, ਤਾਂ ਤਟੀ ਇਲਾਕਿਆਂ ਅਤੇ ਉਥੇ ਰਹਿਣ ਵਾਲੇ ਲੋਕਾਂ ਦੀ ਭਿਆਨਕ ਦੁਰਦਸ਼ਾ ਹੋਵੇਗੀ ਤੇ ਵਾਤਾਵਰਣ ਦਾ ਵੀ ਬਹੁਤ ਵਿਨਾਸ਼ ਹੋਵੇਗਾ। ਇਸ ਲਈ ਉਨ੍ਹਾਂ ਨੇ ਸੰਪ੍ਰਗ ਸਰਕਾਰ ਨੂੰ ਅਪੀਲ ਕੀਤੀ ਕਿ ਬਿੱਲ ਨੂੰ ਮੁਲਤਵੀ ਰੱਖਿਆ ਜਾਵੇ, ਮੱਛੀ ਕਾਮਿਆਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇ ਅਤੇ ਉਸਦੇ ਬਾਅਦ ਹੀ ਬਿੱਲ ਨੂੰ ਸੰਸਦ 'ਚ ਲਿਆਂਦਾ ਜਾਵੇ।

ਇਕ ਹੋਰ ਨੇਤਾ ਨੇ ਐਲਾਨ ਕੀਤਾ ਕਿ ਹਿੰਦੁਸਤਾਨ ਦੇ ਸਮੁੰਦਰੀ ਮੱਛੀ ਸਾਧਨ ਬਹੁਤ ਜ਼ਿਆਦਾ ਸ਼ੋਸ਼ਣ ਦੇ ਖਤਰੇ 'ਚ ਹਨ ਅਤੇ ਮਛੇਰਿਆਂ ਦੇ ਸਮੂਹਾਂ ਦਾ ਭਵਿੱਖ ਅੰਧਕਾਰ ਵਿਚ ਹੈ। ਮੌਜੂਦਾ ਮਸੌਦਾ ਹਿੰਦੁਸਤਾਨ ਦੇ ਦਸ ਲੱਖ ਸਮੁੰਦਰੀ ਮਛੇਰਿਆਂ ਤੇ 35 ਲੱਖ ਸਮੁੰਦਰੀ ਮਛੇਰਿਆਂ ਦੇ ਸਮੂਹਾਂ ਦੀਆਂ ਆਸਾਂ ਨੂੰ ਨਹੀਂ ਪੂਰਾ ਕਰਦਾ। ■


## ਵਕਤ ਦੀ ਪੁਕਾਰ, ਜਾਣੀ ਕਿ ਹਿੰਦੋਸਤਾਨ ਦੇ ਨਵ-ਨਿਰਮਾਣ ਨੂੰ ਸਮਰਪਤ ਮੈਗਜ਼ੀਨ

# ਗ਼ਦਰ ਜਾਰੀ ਹੈ

**ਹਿੰਦੀ ਅਤੇ ਅੰਗਰੇਜ਼ੀ 'ਚ**




ਸਹਾਇਤਾ ਰਾਸ਼ੀ - 25 ਰੁ: (35 ਰੁ: ਡਾਕ ਖਰਚ ਸਮੇਤ),ਵਿਦੇਸ਼ - 20 ਅਮਰੀਕੀ ਡਾਲਰ
ਸਲਾਨਾ(4ਅੰਕ) - 100 ਰੁ: (140 ਰੁ: ਡਾਕ ਖਰਚ ਸਮੇਤ) ਵਿਦੇਸ਼ -80 ਅਮਰੀਕੀ ਡਾਲਰ
ਹਯਾਤੀ ਸਹਾਇਤਾ -1000ਰੁ: ਜਾਂ ਅਧਿਕ, ਵਿਦੇਸ਼ - 200 ਅਮਰੀਕੀ ਡਾਲਰ ਜਾਂ ਅਧਿਕ
ਕਾਪੀਆਂ ਲਈ ਸੰਪਰਕ ਕਰੋ: ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼,
ਈ-392 ਸੰਜੇ ਕਲੋਨੀ, ਓਖਲਾ ਫੇਜ਼ 2, ਨਵੀਂ ਦਿਲੀ 110020

# ਦੇਸ਼ ਭਰ 'ਚ ਨਿਰਮਾਣ ਮਜ਼ਦੂਰਾਂ ਦੀ ਹੜਤਾਲ

7 ਲੱਖ ਤੋਂ ਜ਼ਿਆਦਾ ਨਿਰਮਾਣ ਮਜ਼ਦੂਰਾਂ ਨੇ 8 ਦਸੰਬਰ, 2009 ਨੂੰ ਦੇਸ਼ ਭਰ 'ਚ ਹੜਤਾਲ ਕੀਤੀ। 19 ਰਾਜਾਂ ਦੇ 175 ਜ਼ਿਲ੍ਹਿਆਂ 'ਚ ਅਤੇ 50 ਵੱਡੀਆਂ ਨਿਰਮਾਣ ਪਰਿਯੋਜਨਾਵਾਂ 'ਚ ਇਹ ਹੜਤਾਲ ਕੀਤੀ ਗਈ। ਕੰਸਟ੍ਰਕਸ਼ਨ ਵਰਕਰਸ ਫੈਡਰੇਸ਼ਨ ਆਫ਼ ਇੰਡੀਆ (ਸੀ.ਡਬਲਿਊ.ਐਫ.ਆਈ.) ਨੇ ਹੜਤਾਲ ਦਾ ਸੱਦਾ ਦਿੱਤਾ ਸੀ।

ਹਿਮਾਚਲ ਪ੍ਰਦੇਸ਼ ਦੇ 6 ਜ਼ਿਲ੍ਹਿਆਂ 'ਚ ਸਾਰੀਆਂ 15 ਜਲ ਬਿਜਲੀ ਪਰਿਯੋਜਨਾਵਾਂ ਦਾ ਨਿਰਮਾਣ ਕਾਰਜ ਪੂਰੀ ਤਰ੍ਹਾਂ ਰੁਕ ਗਿਆ। ਸਾਰੇ ਮਜ਼ਦੂਰਾਂ ਨੇ ਹੜਤਾਲ ਵਿਚ ਭਾਗ ਲਿਆ।

ਪੰਜਾਬ ਦੇ 11 ਜ਼ਿਲ੍ਹਿਆਂ 'ਚ 50 ਹਜ਼ਾਰ ਤੋਂ ਜ਼ਿਆਦਾ ਨਿਰਮਾਣ ਮਜ਼ਦੂਰਾਂ ਨੇ ਹੜਤਾਲ ਕੀਤੀ। ਪੰਜਾਬ ਦੇ ਸਵੈ-ਰੁਜ਼ਗਾਰਸ਼ੁਦਾ ਪ੍ਰਵਾਸੀ ਮਜ਼ਦੂਰਾਂ ਨੇ ਹੜਤਾਲ ਨੂੰ ਸਫ਼ਲ ਬਨਾਉਣ ਲਈ ਅਗਵਾਈ ਦਿੱਤੀ।

ਰਾਜਸਥਾਨ ਦੀਆਂ 5 ਵੱਡੀਆਂ ਨਿਰਮਾਣ ਪਰਿਯੋਜਨਾਵਾਂ 'ਚ ਹੜਤਾਲ ਹੋਈ।

ਅਸਾਮ ਦੇ 16 ਜ਼ਿਲ੍ਹਿਆਂ 'ਚ ਪਰਿਯੋਜਨਾ ਮਜ਼ਦੂਰਾਂ ਤੇ ਸਵੈ-ਰੁਜ਼ਗਾਰ ਵਾਲੇ ਨਿਰਮਾਣ ਮਜ਼ਦੂਰਾਂ ਨੇ ਹੜਤਾਲ 'ਚ ਭਾਗ ਲਿਆ।

ਆਂਧਰ ਪ੍ਰਦੇਸ਼, ਤਾਮਿਲਨਾਡੂ, ਕਰਨਾਟਕ, ਕੇਰਲ, ਮਹਾਰਾਸ਼ਟਰ, ਪੱਛਮੀ ਬੰਗਾਲ, ਤ੍ਰਿਪੁਰਾ, ਹਰਿਆਣਾ, ਦਿੱਲੀ, ਉੜੀਸਾ, ਜੰਮੂ ਤੇ ਕਸ਼ਮੀਰ ਅਤੇ ਮਣੀਪੁਰ 'ਚ ਲੱਖਾਂ ਹੀ ਮਜ਼ਦੂਰਾਂ ਨੇ ਹੜਤਾਲ ਕੀਤੀ।

ਮਜ਼ਦੂਰਾਂ ਨੇ ਇਹ ਮੰਗ ਰੱਖੀ ਕਿ ਸਾਰੇ ਰਾਜਾਂ 'ਚ ਨਿਰਮਾਣ ਮਜ਼ਦੂਰ ਕਲਿਆਣ ਯੋਜਨਾ ਲਾਗੂ ਹੋਣੀ ਚਾਹੀਦੀ ਹੈ। ■

# ਜੂਟ ਮਜ਼ਦੂਰਾਂ ਦੀ ਹੜਤਾਲ

ਪੱਛਮੀ ਬੰਗਾਲ ਦੇ 2.5 ਲੱਖ ਜੂਟ ਮਜ਼ਦੂਰਾਂ ਨੇ 14 ਦਸੰਬਰ, 2009 ਨੂੰ ਅਣਮਿੱਥੇ ਸਮੇਂ ਲਈ ਹੜਤਾਲ ਕੀਤੀ। ਉਨ੍ਹਾਂ ਨੇ ਮਾਲਿਕਾਂ ਤੇ ਸਰਕਾਰ ਦੇ ਵਿਚ ਹੋਏ ਪਹਿਲੇ ਤਿੰਨ-ਪੱਖੀ ਸਮਝੌਤਿਆਂ ਨੂੰ ਲਾਗੂ ਕਰਨ ਅਤੇ ਵਧਦੀ ਹੋਈ ਮਹਿੰਗਾਈ ਨੂੰ ਦੇਖਦੇ ਹੋਏ ਮਹਿੰਗਾਈ ਭੱਤਾ ਦਿੱਤੇ ਜਾਣ ਦੀ ਮੰਗ ਕੀਤੀ। ਮਜ਼ਦੂਰਾਂ ਨੇ ਹੜਤਾਲ ਨਾਲ ਸਰਕਾਰ ਅਤੇ ਜਨਤਾ ਨੂੰ ਇਹ ਦੱਸਣਾ ਚਾਹਿਆ ਕਿ ਮਿੱਲ ਮਾਲਕ ਸਾਰਿਆਂ ਸਮਝੌਤਿਆਂ ਅਤੇ ਕਿਰਤ ਕਨੂੰਨਾਂ ਦਾ ਘਾਣ ਕਰਦੇ ਹਨ। ਜੂਟ ਮਜ਼ਦੂਰਾਂ ਦੀਆਂ 21 ਟ੍ਰੇਡ ਯੂਨੀਅਨਾਂ ਨੇ ਹੜਤਾਲ ਦਾ ਸੱਦਾ ਦਿੱਤਾ ਸੀ। ਆਖਰੀ ਰਿਪੋਰਟਾਂ (24 ਦਸੰਬਰ ਤੱਕ) ਦੇ ਅਨੁਸਾਰ ਹੜਤਾਲ ਪੂਰੇ ਜ਼ੋਰ-ਸ਼ੋਰ ਨਾਲ ਚੱਲ ਰਹੀ ਸੀ। ■

# ਪੈਟ੍ਰੋਲੀਅਮ ਮਜ਼ਦੂਰਾਂ ਦੀ ਗੋਸ਼ਠੀ

ਦੇਸ਼ ਦੇ ਤੇਲ ਤੇ ਗੈਸ ਮਜ਼ਦੂਰਾਂ ਨੇ ਮੁੰਬਈ 'ਚ 11-12 ਦਸੰਬਰ, 2009 ਨੂੰ ਆਪਣੇ ਸੰਗਠਨ ਦੀ ਗੋਸ਼ਠੀ ਕੀਤੀ।

ਗੋਸ਼ਠੀ ਦੇ ਨਾਅਰੇ ਸਨ-''ਸਵੈ-ਨਿਰਭਰ ਰਾਸ਼ਟਰੀ ਅਰਥਵਿਵਸਥਾ ਲਈ ਤੇਲ ਦੀਆਂ ਸਰਬਜਨਕ ਖੇਤਰ ਕੰਪਨੀਆਂ ਦੀ ਰੱਖਿਆ ਕਰੋ!'' ਅਤੇ ''ਟ੍ਰੇਡ ਯੂਨੀਅਨ ਬਨਾਉਣ ਤੇ ਸਮੂਹਕ ਸੌਦੇ ਦੇ ਅਧਿਕਾਰ ਨੂੰ ਸੁਰੱਖਿਅਤ ਕਰਨ ਲਈ ਨਿਯਮਿਤ ਅਤੇ ਠੇਕਾ ਮਜ਼ਦੂਰਾਂ ਦੇ ਸੰਘਰਸ਼ਾਂ ਨੂੰ ਇਕਜੁਟ ਕੀਤਾ ਜਾਵੇ!''

ਸੰਗਠਨ ਨਾਲ ਜੁੜੀਆਂ 48 ਯੂਨੀਅਨਾਂ ਨੇ ਗੋਸ਼ਠੀ 'ਚ ਹਿੱਸਾ ਲਿਆ। ਇਸ 'ਚ ਸ਼ਾਮਿਲ ਸਨ ਓ.ਐਨ.ਜੀ.ਸੀ., ਓ.ਆਈ. ਐਲ., ਜੀ.ਏ.ਆਈ. ਐਲ., ਆਈ. ਓ.ਸੀ.ਐਲ., ਬੀ.ਪੀ.ਸੀ.ਐਲ., ਐਚ.ਪੀ.ਸੀ.ਐਲ., ਸੀ.ਪੀ.ਸੀ.ਐਲ., ਕੇ.ਆਰ. ਐਲ., ਐਨ.ਆਰ.ਐਲ.ਦੇ ਪ੍ਰਤੀਨਿਧ।

ਗੋਸ਼ਠੀ 'ਚ ਨਿੱਜੀਕਰਣ ਦੀ ਨੀਤੀ ਦੀ ਨਿੰਦਿਆ ਕੀਤੀ ਗਈ, ਤਨਖਾਹ 'ਤੇ ਚੱਲ ਰਹੀ ਮੌਜੂਦਾ ਗੱਲਬਾਤ ਉਤੇ ਚਰਚਾ ਕੀਤੀ ਗਈ। ਨਿਯਮਿਤ ਤੇ ਠੇਕਾ ਮਜ਼ਦੂਰਾਂ ਦੇ ਸੰਘਰਸ਼ਾਂ ਨੂੰ ਜੋੜਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ। ■


ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖਬਾਰ

**ਮਜਦੂਰ ਏਕਤਾ ਲਹਿਰ**

(ਮਾਸਿਕ)

ਮੁੱਲ 5 ਰੁ. ਸਲਾਨਾ 100 ਰੁ.

ਮਨੀ ਆਡਰ ਭੇਜਣ ਲਈ ਪਤਾ: ਚੰਦਰਭਾਨ, ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼, ਈ-392 ਸੰਜੇ ਕਲੋਨੀ, ਓਖਲਾ ਫੇਜ਼ 2, ਨਵੀਂ ਦਿਲੀ 110020




# ਰੇਲਵੇ ਮੋਟਰਮੈਨਾਂ ਦੀਆਂ ਜਾਇਜ਼ ਮੰਗਾਂ ਦੀ ਹਮਾਇਤ ਕਰੋ!

**ਵਰ੍ਹਿਆਂ ਤੋਂ ਆਪਣੀਆਂ ਮੰਗਾਂ 'ਤੇ ਜ਼ੋਰ ਦੇਣ ਦੇ ਬਾਅਦ ਮੁੰਬਈ ਦੇ ਮੋਟਰਮੈਨਾਂ ਦੇ ਕੋਲ ਕੰਮ ਰੋਕਣ ਦੇ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਿਆ ਸੀ। ਪਹਿਲੀ ਵਾਰ ਪੱਛਮੀ ਰੇਲਵੇ ਤੇ ਮੱਧ ਰੇਲਵੇ ਦੇ ਮਜ਼ਦੂਰਾਂ ਨੇ ਇਕ ਸਾਂਝੀ ਤਾਲਮੇਲ ਕਮੇਟੀ ਬਣਾ ਕੇ ਘੋਸ਼ਿਤ ਕੀਤਾ ਕਿ 26 ਜਨਵਰੀ ਨੂੰ ਉਹ ਕੰਮ ਰੋਕਣਗੇ।**

**ਸਰਕਾਰ ਨੇ ਪ੍ਰਸਾਰ ਮਾਧਿਅਮਾਂ ਦੇ ਜ਼ਰੀਏ ਭੁਲੇਖਾ ਪਾਉਣ ਵਾਲਾ ਝੂਠਾ ਪ੍ਰਚਾਰ ਕਰਨਾ ਸ਼ੁਰੂ ਕੀਤਾ ਕਿ ਮੋਟਰਮੈਨ ਲੱਖ-ਲੱਖ ਰੁਪਏ ਤਨਖਾਹਾਂ ਲੈਂਦੇ ਹਨ ਤੇ ਫਿਰ ਵੀ ਆਪਣੀਆਂ ਮੰਗਾਂ ਬਾਰੇ ਅੜੇ ਹੋਏ ਹਨ। ਨਾਲ ਹੀ ਪ੍ਰਚਾਰ ਕੀਤਾ ਗਿਆ ਕਿ ਗਣਤੰਤਰ ਦਿਵਸ 'ਤੇ ਮੋਟਰਮੈਨਾਂ ਨੂੰ ਕੰਮ ਨਹੀਂ ਰੋਕਣਾ ਚਾਹੀਦਾ। ਸੱਚਾਈ ਤਾਂ ਇਹ ਹੈ ਕਿ ਜੇਕਰ ਕਿਸੇ ਮੋਟਰਮੈਨ ਨੂੰ ਇੱਕ ਲੱਖ ਰੁਪਏ ਦੀ ਕਿਸੇ ਮਹੀਨੇ ਤਨਖਾਹ ਮਿਲੀ ਤਾਂ ਉਹ ਪੁਰਾਣਾ ਬਕਾਇਆ ਤਨਖਾਹ ਸੀ। ਮੋਟਰਮੈਨ ਦੀ ਤਨਖਾਹ ਜ਼ਬਰਦਸਤੀ ਓਵਰਟਾਈਮ ਦੇ ਬਾਵਜੂਦ ਇਸ ਤੋਂ ਬਹੁਤ ਘੱਟ ਹੁੰਦੀ ਹੈ।**

**ਮੋਟਰਮੈਨਾਂ ਨੇ ਗਣਤੰਤਰ ਦਿਵਸ ਦਾ ਦਿਨ ਸੋਚ-ਸਮਝ ਕੇ ਚੁਣਿਆ ਸੀ ਤਾਂਕਿ ਲੋਕਾਂ ਨੂੰ ਕੰਮ 'ਤੇ ਜਾਣ ਲਈ ਘੱਟ ਤੋਂ ਘੱਟ ਦਿੱਕਤ ਆਵੇ ਤੇ ਮਿਹਨਤਕਸ਼ਾਂ ਦੀ ਰੋਜ਼ੀ-ਰੋਟੀ 'ਤੇ ਅਸਰ ਨਾ ਪਵੇ। ਮੋਟਰਮੈਨਾਂ ਦੀ ਦ੍ਰਿੜ ਏਕਤਾ ਦੇ ਸਾਹਮਣੇ ਆਖਰ ਸਰਕਾਰ ਨੂੰ ਝੁਕਣਾ ਪਿਆ ਅਤੇ 25 ਜਨਵਰੀ ਦੀ ਰਾਤ ਨੂੰ ਮੋਟਰਮੈਨਾਂ ਦੀਆਂ ਮੰਗਾਂ ਤੇ ਗੌਰ ਕਰਨ ਲਈ, ਇਕ ਫਾਸਟ ਟ੍ਰੈਕ ਕਮੇਟੀ ਬਨਾਉਣ ਦੀ ਘੋਸ਼ਣਾ ਕਰਨੀ ਪਈ ਤੇ ਹੜਤਾਲ ਨੂੰ ਟਾਲਣਾ ਪਿਆ।**

**ਮਜ਼ਦੂਰ ਏਕਤਾ ਲਹਿਰ ਮੋਟਰਮੈਨਾਂ ਦੇ ਏਕਤਾਬੱਧ ਸੰਘਰਸ਼ ਨੂੰ ਸਲਾਮ ਕਰਦਾ ਹੈ ਤੇ ਅੱਗੇ ਵੀ ਦ੍ਰਿੜਤਾ ਨਾਲ ਲੜ ਕੇ ਆਪਣੀਆਂ ਜਾਇਜ਼ ਮੰਗਾਂ ਲੈਣ ਲਈ ਸ਼ੁਭਕਾਮਨਾਵਾਂ ਦਿੰਦਾ ਹੈ। ਅਸੀਂ, ਹਿੰਦੁਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੀ ਮੁੰਬਈ ਕਮੇਟੀ ਅਤੇ ਕਾਮਗਾਰ (ਮਜ਼ਦੂਰ) ਏਕਤਾ ਚਲਵਲ ਵੱਲੋਂ ਜਾਰੀ ਕੀਤੇ ਗਏ ਬਿਆਨ ਨੂੰ ਹੇਠਾਂ ਛਾਪ ਰਹੇ ਹਾਂ, ਜੋ ਵੱਡੀ ਸੰਖਿਆ 'ਚ ਮੁੰਬਈ ਦੇ ਰੇਲਵੇ ਤੇ ਹੋਰ ਮਜ਼ਦੂਰਾਂ 'ਚ 23-25 ਜਨਵਰੀ ਨੂੰ ਵੰਡਿਆ ਗਿਆ ਸੀ:**

ਦੇਸ਼ ਦੇ ਸਭ ਤੋਂ ਵੱਡੇ ਮਹਾਨਗਰ ਨੂੰ ਚਲਾਉਂਦੇ ਰਹਿਣ ਦਾ ਸਿਹਰਾ ਇਥੇ ਦੀਆਂ ਦੋ ਲੋਕਲ ਲਾਈਨਾਂ ਦੇ ਚਾਲਕਾਂ ਨੂੰ, ਯਾਨੀ ਕਿ ਪੱਛਮੀ ਅਤੇ ਮੱਧ ਰੇਲਵੇ ਦੀਆਂ ਲੋਕਲਾਂ ਦੇ ਮੋਟਰਮੈਨਾਂ ਨੂੰ ਜਾਂਦਾ ਹੈ। ਪਰ ਇਨ੍ਹਾਂ ਮੋਟਰਮੈਨਾਂ ਦੇ ਕੰਮ ਦੀ ਹਾਲਤ ਬਹੁਤ ਬੁਰੀ ਹੈ। ਇਸ ਦਾ ਮੁੱਖ ਕਾਰਣ ਹੈ ਕਿ ਕੇਂਦਰ ਸਰਕਾਰ ਵੱਲੋਂ ਠੀਕ ਸੰਖਿਆ 'ਚ ਇਨ੍ਹਾਂ ਦੀ ਭਰਤੀ ਨਹੀਂ ਕੀਤੀ ਜਾ ਰਹੀ ਅਤੇ ਨਾ ਹੀ ਉਨ੍ਹਾਂ ਨੂੰ ਸਹਾਇਕ ਚਾਲਕ ਦਿੱਤੇ ਗਏ ਹਨ। ਬਹੁਤ ਜ਼ਿਆਦਾ ਮਿਹਨਤ ਅਤੇ ਘੱਟ ਆਰਾਮ ਦੀ ਵਜ੍ਹਾ ਨਾਲ ਉਨ੍ਹਾਂ ਨੂੰ ਤਾਂ ਖਤਰਾ ਹੈ ਹੀ, ਉਸ ਦੇ ਨਾਲ-ਨਾਲ ਲੱਖਾਂ ਲੋਕਲ ਸਵਾਰੀਆਂ ਨੂੰ ਵੀ ਖਤਰਾ ਹੈ।

ਮੁੰਬਈ ਲੋਕਲ ਰੇਲ ਗੱਡੀਆਂ ਨੂੰ ਚਲਾਉਣ ਲਈ ਮੋਟਰਮੈਨਾਂ ਦੀ ਸੰਖਿਆ ਇੰਨੀ ਘੱਟ ਹੈ ਕਿ ਉਨ੍ਹਾਂ ਨੂੰ ਹਫ਼ਤੇ 'ਚ ਇੱਕ ਦਿਨ ਵੀ ਛੁੱਟੀ ਨਹੀਂ ਮਿਲਦੀ। ਇਥੇ ਤੱਕ ਕਿ ਰਾਸ਼ਟਰੀ ਛੁੱਟੀ ਦੇ ਦਿਨ ਵੀ, 250 ਰੁਪਏ ਤੋਂ ਵੀ ਘੱਟ ਮਾਮੂਲੀ ਭੱਤੇ ਦੇ ਨਾਲ, ਉਨ੍ਹਾਂ ਨੂੰ ਆਮ ਦਿਨਾਂ ਦੀ ਤਰ੍ਹਾਂ ਹੀ ਕੰਮ 'ਤੇ ਜਾਣਾ ਪੈਂਦਾ ਹੈ। ਮੰਨਿਆ ਗਿਆ ਹੈ ਕਿ ਰੇਲਵੇ ਦਾ ਕੰਮ ਸਮਾਜ ਲਈ ਹਰ ਦਿਨ ਜ਼ਰੂਰੀ ਹੁੰਦਾ ਹੈ। ਪਰ ਜੇਕਰ ਜਰੂਰੀ ਸੰਖਿਆ 'ਚ ਮੋਟਰਮੈਨ ਹੁੰਦੇ ਤਾਂ ਜ਼ਰੂਰ ਹੀ ਉਨ੍ਹਾਂ ਨੂੰ ਹਫ਼ਤੇ ਦੇ ਕਿਸੇ ਦਿਨ ਛੁੱਟੀ ਮਿਲ ਸਕਦੀ ਹੈ ਤਾਕਿ ਉਹ ਆਪਣੇ ਬੱਚਿਆਂ ਤੇ ਪਰਿਵਾਰ ਵਾਲਿਆਂ ਦੇ ਨਾਲ ਯੋਜਨਾਬੱਧ ਤਰੀਕੇ ਨਾਲ ਕੁਝ ਸਮਾਂ ਬਿਤਾ ਸਕਦੇ ਹਨ।

ਮੋਟਰਮੈਨ ਆਪਣੀ ਸਥਿਤੀ 'ਤੇ ਧਿਆਨ ਦਿਵਾਉਣ ਲਈ ਕਿੰਨੇ ਹੀ ਮੰਗ ਪੱਤਰ ਦੇ ਚੁੱਕੇ ਹਨ, ਪਰ ਸਰਕਾਰ ਦੇ ਕੰਨਾਂ 'ਤੇ ਮੰਨੋ ਜੂੰ ਤੱਕ ਨਹੀਂ ਸਰਕਦੀ ਹੈ। ਤੁਹਾਨੂੰ ਯਾਦ ਹੋਵੇਗਾ ਕਿ ਪਿਛਲੇ ਡੇਢ ਵਰ੍ਹਿਆਂ 'ਚ ਲੋਕਲ ਦੇ ਮੋਟਰਮੈਨਾਂ ਨੂੰ ਤਿੰਨ ਵਾਰ ਸੰਘਰਸ਼ ਦੇ ਰਸਤੇ 'ਤੇ ਉਤਰਣਾ ਪਿਆ। ਇਕ ਵਰ੍ਹਾ ਪਹਿਲਾਂ, 18 ਦਸੰਬਰ,2008 ਨੂੰ ਪੱਛਮੀ ਰੇਲਵੇ ਦੇ ਮੋਟਰਮੈਨਾਂ ਨੇ ਆਪਣੀ ਸਮੱਸਿਆ 'ਤੇ ਧਿਆਨ ਦਿਵਾਉਣ ਲਈ ਭੁੱਖੇ ਪੇਟ ਗੱਡੀਆਂ ਚਲਾਈਆਂ ਸਨ ਤੇ ਸ਼ਾਮ ਤੱਕ ਉਨ੍ਹਾਂ ਦੀ ਤਬੀਅਤ ਵਿਗੜਨ ਦੀ ਵਜ੍ਹਾ ਨਾਲ ਲੋਕਲ ਗੱਡੀਆਂ ਦੀ ਸੇਵਾ ਪ੍ਰਭਾਵਿਤ ਹੋਈ ਸੀ। ਉਸ ਦੇ ਪਹਿਲਾਂ ਤੇ ਬਾਅਦ 'ਚ ਸੈਂਟਰਲ ਰੇਲਵੇ ਦੇ ਮੋਟਰਮੈਨਾਂ ਨੇ ਵੀ ਆਪਣੀਆਂ ਮੰਗਾਂ 'ਤੇ ਧਿਆਨ ਦਿਵਾਉਣ ਲਈ ਕੁਝ ਘੰਟੇ ਦੀ ਹੜਤਾਲ ਕੀਤੀ ਸੀ। ਪਰ ਫਿਰ ਇਕ ਵਰ੍ਹਾ ਹੋ ਗਿਆ ਤੇ ਸਰਕਾਰ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੋਈ ਕਦਮ ਨਹੀਂ ਚੁੱਕਿਆ ਹੈ। ਇਸ ਲਈ ਹੁਣ ਮੋਟਰਮੈਨਾਂ ਲਈ ਫਿਰ ਸੰਘਰਸ਼ ਦੇ ਰਸਤੇ 'ਤੇ ਉਤਰਨ ਦੇ ਸਿਵਾਅ ਹੋਰ ਕੋਈ ਚਾਰਾ ਨਹੀਂ ਹੈ। ਉਨ੍ਹਾਂ ਨੇ 26 ਜਨਵਰੀ, 2010 ਦੇ ਦਿਨ ਆਪਣੀਆਂ ਮੰਗਾਂ 'ਤੇ ਧਿਆਨ ਦਿਵਾਉਣ ਲਈ ਕਾਰਵਾਈ ਕਰਨ ਦਾ ਨਿਰਣਾ ਲਿਆ। ਇਹ ਦਿਨ ਉਨ੍ਹਾਂ ਨੇ ਇਸ ਲਈ ਚੁਣਿਆ ਕਿਉਂਕਿ ਇਸ ਦਿਨ ਜ਼ਿਆਦਾਤਰ ਸਾਰੇ ਲੋਕਾਂ ਦੀ ਛੁੱਟੀ ਹੁੰਦੀ ਤੇ ਹੋਰ ਲੋਕਾਂ ਨੂੰ ਘੱਟ ਤੋਂ ਘੱਟ ਪਰੇਸ਼ਾਨੀ ਝੱਲਣੀ ਪਵੇਗੀ।

ਉਨ੍ਹਾਂ ਦੀਆਂ ਮੰਗਾਂ 'ਚ ਮਨੁੱਖੀ ਕੰਮ ਦੀਆਂ ਹਾਲਤਾਂ ਦੇ ਨਾਲ-ਨਾਲ ਛੇਵੇਂ ਤਨਖਾਹ ਕਮਿਸ਼ਨ ਦੀ ਤਨਖਾਹ 'ਚ ਤਰੁਟੀਆਂ ਨਾਲ ਜੁੜੀਆਂ ਮੰਗਾਂ ਵੀ ਹਨ। ਹੋਰ ਰੇਲਵੇ ਕਰਮਚਾਰੀਆਂ ਦੇ ਮੁਕਾਬਲੇ ਮੋਟਰਮੈਨਾਂ ਦੇ ਨਾਲ, ਕਿਲੋਮੀਟਰ ਅਲਾਊਂਸ ਤੇ ਗ੍ਰੇਡ ਤਨਖਾਹ ਦੇ ਮੁੱਦਿਆਂ 'ਤੇ ਨਾਇਨਸਾਫ਼ੀ ਕੀਤੀ ਗਈ ਹੈ। ਉਦਾਹਰਣ ਦੇ ਲਈ ਉਨ੍ਹਾਂ ਦਾ ਕਿਲੋਮੀਟਰ ਅਲਾਊਂਸ ਪੁਰਾਣੇ ਟੀ.ਏ. ਅਲਾਊਂਸ 'ਤੇ ਅਧਾਰਤ ਹੈ, ਜਦਕਿ ਇਸ ਦੇ ਕੁਝ ਹੀ ਦਿਨ ਬਾਅਦ ਟੀ.ਏ. ਅਲਾਊਂਸ 'ਚ ਵਾਧਾ ਕੀਤਾ ਗਿਆ ਸੀ। ਇਹ ਉਨ੍ਹਾਂ ਦੇ ਨਾਲ ਇਕ ਫਰੇਬ ਨਹੀਂ ਤਾਂ ਹੋਰ ਕੀ ਹੈ?

ਸਾਡਾ ਮੰਨਣਾ ਹੈ ਕਿ ਸਮਾਜ 'ਚ ਜ਼ਿੰਮੇਵਾਰੀ ਦੇ ਨਾਲ ਇੰਨਾ ਜ਼ਰੂਰੀ ਕੰਮ ਕਰਨ ਵਾਲੇ ਮਜ਼ਦੂਰ ਵਰਗ ਦੇ ਇਸ ਤਬਕੇ ਦੀਆਂ ਮੰਗਾਂ ਇਕਦਮ ਜਾਇਜ਼ ਹਨ। ਅਸੀਂ ਮੰਗ ਕਰਦੇ ਹਾਂ ਕਿ ਸਰਕਾਰ ਫੌਰੀ ਤੌਰ 'ਤੇ ਮੋਟਰਮੈਨਾਂ ਦੀਆਂ ਮੰਗਾਂ ਨੂੰ ਪੂਰਾ ਕਰੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਜਲਦੀ ਨਾਲ ਹੱਲ ਕੱਢੇ। ਸਾਰੇ ਲੋਕਾਂ ਨੂੰ ਅਸੀਂ ਅਪੀਲ ਕਰਦੇ ਹਾਂ ਕਿ ਉਹ ਮੋਟਰਮੈਨਾਂ ਦੇ ਸੰਘਰਸ਼ ਦਾ ਸਮਰਥਨ ਕਰਣ।

(ਹਿੰਦੁਸਤਾਨ ਦੀ ਕਮਿਊਨਿਸਟ ਗਦਰ ਪਾਰਟੀ ਦੀ ਮੁੰਬਈ ਕਮੇਟੀ ਅਤੇ ਕਾਮਗਾਰ ਏਕਤਾ ਚਲਵਲ ਵੱਲੋਂ ਪ੍ਰਕਾਸ਼ਤ, 22 ਜਨਵਰੀ 2010) ■

# ਪ੍ਰਵਾਸੀ ਮਜ਼ਦੂਰ ਜਥੇਬੰਦੀਆਂ ਨੇ ਆਪਣੇ ਹੱਕਾਂ ਦੀ ਗਰੰਟੀ ਮੰਗੀ



1 ਜਨਵਰੀ, 2010 ਨੂੰ ਜਿਸ ਸਮੇਂ ਸਰਕਾਰ ਬੜੀ ਧੂਮਧਾਮ ਨਾਲ ਪ੍ਰਵਾਸੀ ਭਾਰਤੀ ਦਿਵਸ ਮਨਾ ਰਹੀ ਸੀ, ਉਸੇ ਵਕਤ ਪ੍ਰਵਾਸੀ ਮਜ਼ਦੂਰ ਜਥੇਬੰਦੀਆਂ ਨੇ ਸੰਸਦ ਦੇ ਸਾਹਮਣੇ ਇਕ ਵਿਸ਼ਾਲ ਰੈਲੀ ਕੀਤੀ। ਉਨ੍ਹਾਂ ਨੇ ਰੋਜ਼ੀ-ਰੋਟੀ ਲਈ ਵਿਦੇਸ਼ ਜਾਣ ਵਾਲੇ ਹਿੰਦੁਸਤਾਨੀ ਮਜ਼ਦੂਰਾਂ ਤੇ ਰੋਜ਼ੀ-ਰੋਟੀ ਲਈ ਦੂਸਰੇ ਦੇਸ਼ਾਂ ਤੋਂ ਹਿੰਦੁਸਤਾਨ ਆਉਣ ਵਾਲੇ ਮਜ਼ਦੂਰਾਂ ਦੇ ਅਧਿਕਾਰਾਂ ਦੀ ਘਾਟ ਦਾ ਵਿਰੋਧ ਕੀਤਾ। ਇਨ੍ਹਾਂ ਜਥੇਬੰਦੀਆਂ ਨੇ ਦੇਸ਼ ਅੰਦਰ, ਇਕ ਰਾਜ ਤੋਂ ਦੂਸਰੇ ਰਾਜ 'ਚ ਕੰਮ ਕਰਨ ਲਈ ਜਾਣ ਵਾਲੇ ਮਜ਼ਦੂਰਾਂ ਦੇ ਹੱਕਾਂ ਦੀ ਘਾਟ ਦਾ ਮੁੱਦਾ ਵੀ ਉਠਾਇਆ।

ਹਿੰਦੁਸਤਾਨ ਦੂਸਰੇ ਦੇਸ਼ਾਂ 'ਚ ਬਹੁਤ ਵੱਡੀ ਸੰਖਿਆਂ 'ਚ ਮਜ਼ਦੂਰਾਂ ਨੂੰ ਭੇਜਦਾ ਹੈ (ਵਿਸ਼ਵ ਪ੍ਰਵਾਸਨ ਰਿਪੋਰਟ 2005 ਅਨੁਸਾਰ 2 ਕਰੋੜ)। ਹਿੰਦੁਸਤਾਨ 'ਚ ਦੂਸਰੇ ਦੇਸ਼ਾਂ ਤੋਂ ਬਹੁਤ ਸਾਰੇ ਮਜ਼ਦੂਰ ਆਉਂਦੇ ਹਨ (2005 ਤੋਂ ਦੁਨੀਆ 'ਚ ਹਿੰਦੁਸਤਾਨ 8ਵੇਂ ਨੰਬਰ 'ਤੇ ਸੀ)। ਵਿਸ਼ਵ ਬੈਂਕ ਦੇ ਅੰਦਾਜ਼ੇ ਮੁਤਾਬਕ, 2009 'ਚ ਦੁਨੀਆ ਦੇ ਦੂਸਰੇ ਦੇਸ਼ਾਂ ਦੇ ਮੁਕਾਬਲੇ ਹਿੰਦੁਸਤਾਨ ਨੂੰ ਪ੍ਰਵਾਸੀ ਮਜ਼ਦੂਰਾਂ ਤੋਂ ਸਭ ਤੋਂ ਜ਼ਿਆਦਾ ਧਨ (52 ਅਰਬ ਅਮਰੀਕੀ ਡਾਲਰ) ਪ੍ਰਾਪਤ ਹੋਇਆ। ਇਸ 'ਚ ਜ਼ਿਆਦਾਤਰ ਧਨ ਪੱਛਮੀ ਏਸ਼ੀਆ ਦੇ ਦੇਸ਼ਾਂ, ਕੈਨੇਡਾ ਤੇ ਦੂਸਰੇ ਦੇਸ਼ਾਂ 'ਚ ਕੰਮ ਕਰਨ ਵਾਲੇ ਮਜ਼ਦੂਰਾਂ ਤੋਂ ਪ੍ਰਾਪਤ ਹੋਇਆ। ਪਰ ਪ੍ਰਵਾਸੀ ਭਾਰਤੀ ਦਿਵਸ 'ਚ ਇਨ੍ਹਾਂ ਮਜ਼ਦੂਰਾਂ, ਜੋ ਵਿਦੇਸ਼ 'ਚ ਕੰਮ ਕਰਨ ਵਾਲੇ ਹਿੰਦੁਸਤਾਨੀਆਂ ਦੀ ਵੱਡੀ ਸੰਖਿਆ ਹੈ, ਦੀਆਂ ਸਮੱਸਿਆਵਾਂ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕੀਤਾ ਗਿਆ। ਸਿਰਫ਼ ਪੱਛਮੀ ਦੇਸ਼ਾਂ 'ਚ ਉਚੇਰੇ ਪਦ ਪ੍ਰਾਪਤ ਹਿੰਦੁਸਤਾਨੀਆਂ ਤੋਂ ਪੂੰਜੀ ਨਿਵੇਸ਼ ਕਰਵਾਉਣ ਉਤੇ ਧਿਆਨ ਦਿੱਤਾ ਗਿਆ।

ਮੌਜੂਦਾ ਸੰਕਟ ਕਾਰਣ ਪੱਛਮੀ ਏਸ਼ੀਆ 'ਚ ਲੱਖਾਂ ਪ੍ਰਵਾਸੀ ਮਜ਼ਦੂਰ ਆਪਣੀਆਂ ਨੌਕਰੀਆਂ ਗੁਆ ਬੈਠੇ ਹਨ। ਉਨ੍ਹਾਂ ਨੇ ਵਿਦੇਸ਼ 'ਚ ਨੌਕਰੀ ਤੇ ਟਿਕਟ ਲਈ ਦਲਾਲਾਂ ਨੂੰ ਬਹੁਤ ਸਾਰੇ ਪੈਸੇ ਦਿੱਤੇ ਹਨ। ਇਹ ਮੰਨੀ-ਪ੍ਰਮੰਨੀ ਗੱਲ ਹੈ ਕਿ ਜ਼ਿਆਦਾਤਰ ਪੱਛਮੀ ਏਸ਼ੀਆਈ ਦੇਸ਼ਾਂ 'ਚ ਹਿੰਦੁਸਤਾਨੀ ਮਜ਼ਦੂਰਾਂ ਦੇ ਕੋਈ ਹੱਕ ਨਹੀਂ ਹਨ ਤੇ ਉਨ੍ਹਾਂ ਦੇ ਪਾਸਪੋਰਟ ਵੀ ਮਾਲਿਕ ਜ਼ਬਤ ਕਰ ਲੈਂਦੇ ਹਨ। ਇਹ ਵੀ ਸੱਚ ਹੈ ਕਿ ਉਨ੍ਹਾਂ ਦੇਸ਼ਾਂ ਤੇ ਕੈਨੇਡਾ, ਯੂਰਪੀ ਦੇਸ਼ਾਂ ਤੇ ਆਸਟ੍ਰੇਲੀਆ ਦੇ ਹਿੰਦੁਸਤਾਨ ਕੰਸਲਟੈਂਟ ਹਿੰਦੁਸਤਾਨੀ ਮਜ਼ਦੂਰਾਂ ਲਈ ਕੋਈ ਹਮਦਰਦੀ ਨਹੀਂ ਦਿਖਾਉਂਦੇ। ਪਰ ਪ੍ਰਵਾਸੀ ਭਾਰਤੀ ਦਿਵਸ ਦੇ ਤਮਾਸ਼ੇ ਦੌਰਾਨ ਇਨ੍ਹਾਂ ਮੁੱਦਿਆਂ 'ਤੇ ਕੋਈ ਚਰਚਾ ਹੀ ਨਹੀਂ ਹੋਈ।

ਦੂਸਰੇ ਪਾਸੇ, ਹੋਰ ਦੇਸ਼ਾਂ ਤੋਂ ਹਿੰਦੁਸਤਾਨ 'ਚ ਕੰਮ ਕਰਨ ਆਉਣ ਵਾਲੇ ਮਜ਼ਦੂਰਾਂ, ਜਿਸ ਤਰ੍ਹਾਂ ਕਿ ਨੇਪਾਲ ਤੇ ਬੰਗਲਾਦੇਸ਼ ਤੋਂ ਆਏ ਮਜ਼ਦੂਰਾਂ ਤੇ ਇਕ ਰਾਜ ਤੋਂ ਦੂਸਰੇ ਰਾਜ 'ਚ ਜਾਣ ਵਾਲੇ ਮਜ਼ਦੂਰਾਂ ਦੀ ਹਾਲਤ ਵੀ ਬਹੁਤ ਬਦਤਰ ਹੈ। ਲੁਧਿਆਣਾ 'ਚ ਹੋਣ ਵਾਲੀਆਂ ਘਟਨਾਵਾਂ, ਜਿਥੇ ਦੇਸ਼ ਦੇ ਦੂਸਰੇ ਇਲਾਕਿਆਂ ਤੋਂ ਆਏ ਹੋਏ ਪ੍ਰਵਾਸੀ ਮਜ਼ਦੂਰਾਂ ਨੇ ਰਾਜ ਵੱਲੋਂ ਸਮਰਥਤ ਗੁੰਡਿਆਂ ਹੱਥੋਂ ਆਪਣੀ ਮਿਹਨਤ ਦੀ ਕਮਾਈ ਦੇ ਲੁੱਟੇ ਜਾਣ ਖਿਲਾਫ਼ ਮੁਜ਼ਾਹਰੇ ਕੀਤੇ ਸਨ, ਇਸ ਹਕੀਕਤ ਦੀ ਥੋੜ੍ਹੀ ਜਿਹੀ ਝਲਕ ਦਿੰਦੀ ਹੈ। ਸੱਚ ਤਾਂ ਇਹ ਹੈ ਕਿ ਹਿੰਦੁਸਤਾਨ ਤੋਂ ਪ੍ਰਵਾਸੀ ਮਜ਼ਦੂਰਾਂ, ਚਾਹੇ ਦੂਸਰੇ ਦੱਖਣੀ ਏਸ਼ੀਆਈ ਦੇਸ਼ਾਂ ਤੋਂ ਜਾਂ ਹਿੰਦੁਸਤਾਨ ਤੋਂ, ਇਨ੍ਹਾਂ ਦੇ ਕੋਈ ਹੱਕ ਨਹੀਂ ਹਨ। ਪੂੰਜੀਪਤੀ ਉਨ੍ਹਾਂ ਦੀ ਬੇਰਹਿਮ ਲੁੱਟ ਕਰਦੇ ਹਨ ਤੇ ਕੇਂਦਰੀ ਤੇ ਰਾਜ ਸਰਕਾਰਾਂ ਇਨ੍ਹਾਂ ਮਜ਼ਦੂਰਾਂ ਨੂੰ ਦਬਾਉਣ ਤੇ ਡਰਾਉਣ 'ਚ ਪੂੰਜੀਪਤੀਆਂ ਨੂੰ ਸਹਿਯੋਗ ਦਿੰਦੀਆਂ ਹਨ। ਪ੍ਰਵਾਸੀ ਭਾਰਤੀ ਦਿਵਸ 'ਚ ਇਨ੍ਹਾਂ ਮੁੱਦਿਆਂ ਦਾ ਜ਼ਿਕਰ ਤੱਕ ਨਹੀਂ ਹੋਇਆ।

### ਇਸ ਲਈ ਪ੍ਰਵਾਸੀ ਮਜ਼ਦੂਰਾਂ ਨੇ ਮੰਗ ਕੀਤੀ ਕਿ

1. ਸਰਕਾਰ ਇਸ ਤਰ੍ਹਾਂ ਦੀ ਨੀਤੀ ਅਪਨਾਏ ਜਿਸ ਨਾਲ ਹਿੰਦੁਸਤਾਨ ਤੋਂ ਬਾਹਰ ਜਾਣ ਵਾਲੇ ਅਤੇ ਹਿੰਦੁਸਤਾਨ 'ਚ ਆਉਣ ਵਾਲੇ ਪ੍ਰਵਾਸੀ ਮਜ਼ਦੂਰਾਂ ਦੇ ਹੱਕਾਂ ਨੂੰ ਯਕੀਨੀ ਬਣਾਇਆ ਜਾ ਸਕੇ, ਚਾਹੇ ਉਨ੍ਹਾਂ ਦੀ ਜਾਤ, ਧਰਮ, ਲਿੰਗ ਆਦਿ ਕੋਈ ਵੀ ਹੋਵੇ। ਇਸ ਨੀਤੀ 'ਚ ਹਿੰਦੁਸਤਾਨ ਨੂੰ ਇਕ ਪ੍ਰਵਾਸੀ ਮਜ਼ਦੂਰ ਭੇਜਣ ਵਾਲਾ ਤੇ ਪ੍ਰਾਪਤ ਕਰਨ ਵਾਲਾ ਦੇਸ਼ ਮੰਨਿਆ ਜਾਵੇ। ਇਸ ਨੀਤੀ 'ਚ ਦੱਖਣੀ ਏਸ਼ੀਆ ਤੇ ਧਿਆਨ ਦਿੱਤਾ ਜਾਵੇ, ਸਾਰੇ ਪ੍ਰਵਾਸੀ ਮਜ਼ਦੂਰਾਂ ਦੇ ਹੱਕਾਂ ਦੀ ਰੱਖਿਆ ਕੀਤੀ ਜਾਵੇ ਅਤੇ ਵਧਦੀ ਸੰਖਿਆ 'ਚ ਮਜ਼ਦੂਰਾਂ ਦੇ ਜੇਲ੍ਹ 'ਚ ਬੰਦ ਕੀਤੇ ਜਾਣ ਦੇ ਮੁੱਦੇ ਨੂੰ ਚੁੱਕਿਆ ਜਾਵੇ।
2. ਸਰਕਾਰ ਨੂੰ ਪ੍ਰਵਾਸੀ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਹੱਕਾਂ ਦੀ ਰੱਖਿਆ ਬਾਰੇ ਆਈ. ਐਲ. ਓ. ਦੇ ਸਾਰੇ ਹੁਕਮਾਂ ਤੇ ਸੰਯੁਕਤ ਰਾਸ਼ਟਰ ਸੰਘ ਦੇ 1990 ਦੇ ਆਦੇਸ਼ ਨੂੰ ਮੰਨਣਾ ਚਾਹੀਦਾ ਹੈ ਤੇ ਲਾਗੂ ਕਰਨਾ ਚਾਹੀਦਾ ਹੈ। ਸਰਕਾਰ ਨੂੰ ਦੂਸਰੇ ਦੇਸ਼ਾਂ ਦੀਆਂ ਸਰਕਾਰਾਂ ਨਾਲ ਸਮਝੌਤਾ ਕਰਨਾ ਚਾਹੀਦਾ ਹੈ ਤਾਂ ਕਿ ਪ੍ਰਵਾਸੀ ਮਜ਼ਦੂਰਾਂ ਦੇ ਮਨੁੱਖੀ ਹੱਕਾਂ ਤੇ ਹੋਰ ਸਾਰੇ ਹੱਕਾਂ ਦੀ ਰੱਖਿਆ ਕੀਤੀ ਜਾਵੇ।
3. ਸਰਕਾਰ ਨੂੰ ਗੈਰ-ਕਨੂੰਨੀ, ਖਤਰਨਾਕ, ਫਰੇਬੀ ਦਲਾਲਾਂ ਖਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

ਇਸ ਰੈਲੀ 'ਚ ਏਟਕ, ਏ. ਆਈ. ਟੀ. ਯੂ. ਸੀ., ਮਜ਼ਦੂਰ ਏਕਤਾ ਕਮੇਟੀ, ਬੀ. ਐਮ. ਐਸ., ਸੀਟੂ, ਐਚ. ਐਮ. ਐਸ., ਇੰਟਕ, ਟੀ. ਯੂ. ਸੀ. ਸੀ., ਯੂ. ਟੀ. ਯੂ. ਸੀ., ਏ. ਆਈ. ਸੀ. ਸੀ. ਟੀ. ਯੂ., ਪ੍ਰਵਾਸੀ ਨੇਪਾਲੀ ਐਸੋਸੀਏਸ਼ਨ, ਸੀ. ਈ. ਸੀ., ਬਿਲਡਿੰਗ ਐਂਡ ਵੁਡ ਵਰਕਸ ਇੰਟਰਨੈਸ਼ਨਲ ਤੇ ਏਸ਼ੀਆ ਪ੍ਰਵਾਸੀ ਫੋਰਮ ਆਦਿ ਸ਼ਾਮਲ ਹੋਏ। ■

ਮਜ਼ਦੂਰ ਏਕਤਾ ਲਹਿਰ, ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼, ਈ-392 ਸੰਜੇ ਕਾਲੋਨੀ, ਓਖਲਾ ਫੇਜ਼-2 ਨਵੀਂ ਦਿੱਲੀ 110020, ਦੇ ਲਈ ਮਾ ਪ੍ਰਿੰਟਰਜ਼, ਬੀ-24/2 ਓਖਲਾ ਫੇਜ਼-2, ਨਵੀਂ ਦਿੱਲੀ 110020 ਤੋਂ ਛਪਵਾਕੇ, ਮਧੁਸੂਦਨ ਕਸਤੂਰੀ ਨੇ ਪ੍ਰਕਾਸ਼ਤ ਕੀਤਾ।
ਸੰਪਾਦਕ: ਚੰਦਰਭਾਨ, ਫੋਨ-9868721375